ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2508 | 28 June, 2026 Sunday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce

Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

# ਤਿੰਨ ਦਿਨਾਂ ਦੇ ਦੌਰੇ 'ਤੇ ਸੇਸ਼ੇਲਸ ਪਹੁੰਚੇ ਪ੍ਰਧਾਨ ਮੰਤਰੀ ਮੋਦੀ
## ਰਾਸ਼ਟਰਪਤੀ ਪੈਟਰਿਕ ਹਰਮਿਨੀ ਨੇ ਏਅਰਪੋਰਟ 'ਤੇ ਕੀਤਾ ਨਿੱਘਾ ਸਵਾਗਤ

**ਸੇਸ਼ੇਲਸ, ਸਾਂਝੀ ਸੋਚ ਬਿਊਰੋ**

ਪ੍ਰਧਾਨ ਮੰਤਰੀ ਮੋਦੀ ਸ਼ਨੀਵਾਰ ਨੂੰ ਤਿੰਨ ਦਿਨਾਂ ਅਧਿਕਾਰਤ ਦੌਰੇ 'ਤੇ ਸੇਸ਼ੇਲਸ ਦੀ ਰਾਜਧਾਨੀ ਵਿਕਟੋਰੀਆ ਪਹੁੰਚੇ ਹਨ। ਸੇਸ਼ੇਲਸ ਇੰਟਰਨੈਸ਼ਨਲ ਏਅਰਪੋਰਟ 'ਤੇ ਰਾਸ਼ਟਰਪਤੀ ਡਾ. ਪੈਟਰਿਕ ਹਰਮਿਨੀ ਨੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ। ਪ੍ਰਧਾਨ ਮੰਤਰੀ ਮੋਦੀ ਨੂੰ ਇੱਥੇ ਰਸਮੀ 'ਗਾਰਡ ਆਫ਼ ਆਨਰ' ਵੀ ਦਿੱਤਾ ਗਿਆ।



ਸੇਸ਼ੇਲਸ ਏਅਰਪੋਰਟ 'ਤੇ ਪ੍ਰਧਾਨ ਮੰਤਰੀ ਮੋਦੀ ਦੇ ਸਵਾਗਤ ਲਈ ਭਾਰਤੀ ਭਾਈਚਾਰੇ ਦੇ ਲੋਕ ਵੀ ਮੌਜੂਦ ਸਨ। ਪ੍ਰਧਾਨ ਮੰਤਰੀ ਮੋਦੀ ਨੇ ਭਾਰਤੀ ਭਾਈਚਾਰੇ ਦੇ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ 'ਐਕਸ''ਤੇ ਏਅਰਪੋਰਟ 'ਤੇ ਹੋਈ ਮੁਲਾਕਾਤ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ। ਉਨ੍ਹਾਂ ਨੇ 'ਐਕਸ' 'ਤੇ ਕਿਹਾ, "ਇਹ ਸੇਸ਼ੇਲਸ ਏਅਰਪੋਰਟ 'ਤੇ ਹੋਏ ਸ਼ਾਨਦਾਰ ਸਵਾਗਤ ਦੀਆਂ ਕੁਝ ਝਲਕੀਆਂ ਹਨ। ਭਾਰਤੀ ਭਾਈਚਾਰੇ ਦੇ ਪਿਆਰ ਅਤੇ ਸਨੇਹ ਲਈ ਉਨ੍ਹਾਂ ਦਾ ਧੰਨਵਾਦ।"

ਇਸ ਤੋਂ ਬਾਅਦ ਦੋਵੇਂ ਆਗੂ ਸੇਸ਼ੇਲਸ ਨੈਸ਼ਨਲ ਬੋਟੈਨੀਕਲ ਗਾਰਡਨ ਪਹੁੰਚੇ, ਜਿੱਥੇ ਉਨ੍ਹਾਂ ਨੇ ਨਾਰੀਅਲ ਪਾਣੀ ਪੀਤਾ। ਇਸੇ ਦੌਰਾਨ ਮੋਦੀ ਨੇ ਜੋਨਾਥਨ ਨਾਲ ਮੁਲਾਕਾਤ ਕੀਤੀ ਅਤੇ ਇੱਕ ਪੌਦਾ ਵੀ ਲਗਾਇਆ। ਪ੍ਰਧਾਨ ਮੰਤਰੀ ਮੋਦੀ ਨੇ ਸੇਸ਼ੇਲਸ ਵਿੱਚ ਦੁਨੀਆ ਦੇ ਸਭ ਤੋਂ ਵੱਧ ਉਮਰ ਦੇ ਜਿਉਂਦੇ ਜ਼ਮੀਨੀ ਜੀਵ 'ਜੋਨਾਥਨ' ਕੱਛੂ ਨਾਲ ਵੀ ਮੁਲਾਕਾਤ ਕੀਤੀ। ਮੰਨਿਆ ਜਾਂਦਾ ਹੈ ਕਿ ਜੋਨਾਥਨ ਦਾ ਜਨਮ 1832 ਵਿੱਚ ਹੋਇਆ ਸੀ, ਯਾਨੀ ਉਸ ਦੀ ਉਮਰ ਕਰੀਬ 194 ਸਾਲ ਹੈ। ਪ੍ਰਧਾਨ ਮੰਤਰੀ ਮੋਦੀ 29 ਜੂਨ ਨੂੰ ਸੇਸ਼ੇਲਸ ਦੀ ਆਜ਼ਾਦੀ ਦੇ 50 ਸਾਲ ਪੂਰੇ ਹੋਣ ਦੇ ਮੌਕੇ 'ਤੇ ਕਰਵਾਏ ਜਾ ਰਹੇ ਰਾਸ਼ਟਰੀ ਦਿਵਸ ਸਮਾਰੋਹ ਵਿੱਚ ਮੁੱਖ ਮਹਿਮਾਨ ਹੋਣਗੇ।

ਇਸ ਮੌਕੇ ਹੋਣ ਵਾਲੀ ਪਰੇਡ ਵਿੱਚ ਭਾਰਤੀ ਹਥਿਆਰਬੰਦ ਸੈਨਾਵਾਂ ਦੀ ਇੱਕ ਟੁਕੜੀ ਅਤੇ ਭਾਰਤੀ ਜਲ ਸੈਨਾ ਦੇ ਦੋ ਜੰਗੀ ਜਹਾਜ਼ ਵੀ ਹਿੱਸਾ ਲੈਣਗੇ। ਦੌਰੇ ਦੌਰਾਨ ਮੋਦੀ ਰਾਸ਼ਟਰਪਤੀ ਡਾ. ਪੈਟਰਿਕ ਹਰਮਿਨੀ ਨਾਲ ਦੁਵੱਲੇ ਸਬੰਧਾਂ, ਸਮੁੰਦਰੀ ਸੁਰੱਖਿਆ, ਬਲੂ ਇਕਾਨਮੀ ਅਤੇ ਖੇਤਰੀ ਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਚਰਚਾ ਕਰਨਗੇ। ਇਸ ਤੋਂ ਇਲਾਵਾ ਉਹ ਸੇਸ਼ੇਲਸ ਦੀ ਰਾਸ਼ਟਰੀ ਅਸੈਂਬਲੀ ਨੂੰ ਸੰਬੋਧਨ ਕਰਨਗੇ ।

# ਪ੍ਰਧਾਨ ਮੰਤਰੀ ਮੋਦੀ ਨੇ ਸੇਸ਼ੇਲਸ ਨੂੰ ਫਾਸਟ ਪੈਟਰੋਲ ਵੈਸਲ, ਐਂਬੂਲੈਂਸਾਂ, ਯੂਟਿਲਿਟੀ ਵਾਹਨ ਅਤੇ ਲੇਜ਼ਰ ਰੇਡੀਅਲ ਕਿਸ਼ਤੀਆਂ ਸੌਂਪੀਆਂ

**ਚੰਡੀਗੜ੍ਹ, ਸਾਂਝੀ ਸੋਚ ਬਿਊਰੋ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਸੇਸ਼ੇਲਸ ਦੀ ਸਮੁੰਦਰੀ ਨਿਗਰਾਨੀ ਅਤੇ ਵਿਸ਼ੇਸ਼ ਆਰਥਿਕ ਜ਼ੋਨ (ਈਈਜ਼ੈਡ) ਤਰਜੀਹਾਂ ਨੂੰ ਮਜ਼ਬੂਤ ਕਰਨ ਲਈ 'ਮੇਡ ਇਨ ਇੰਡੀਆ' ਫਾਸਟ ਪੈਟਰੋਲ ਵੈਸਲ (ਐਫਪੀਵੀ) ਪੀਐਸ ਲੈਸਵਰ, ਛੇ ਐਂਬੂਲੈਂਸਾਂ, 10 ਯੂਟਿਲਿਟੀ ਵਾਹਨ ਅਤੇ ਪੰਜ ਲੇਜ਼ਰ ਰੇਡੀਅਲ ਕਿਸ਼ਤੀਆਂ ਸੌਂਪੀਆਂ। ਸੌਂਪਣ ਦੀ ਰਸਮ ਸੇਸ਼ੇਲਸ ਦੇ ਰਾਸ਼ਟਰਪਤੀ ਪੈਟ੍ਰਿਕ ਹਰਮਿਨੀ ਦੀ ਮੌਜੂਦਗੀ ਵਿੱਚ ਵਿਕਟੋਰੀਆ ਵਿੱਚ ਸੇਸ਼ੇਲਸ ਕੋਸਟ ਗਾਰਡ ਬੇਸ ਵਿਖੇ ਪ੍ਰਧਾਨ ਮੰਤਰੀ ਮੋਦੀ ਦੇ ਦੀਪ ਸਮੂਹ ਟਾਪੂ ਦੇ ਸਰਕਾਰੀ ਦੌਰੇ ਦੇ ਪਹਿਲੇ ਦਿਨ ਹੋਈ। ਇਹ ਜਹਾਜ਼ ਗੋਆ ਸ਼ਿਪਯਾਰਡ ਲਿਮਟਿਡ ਦੁਆਰਾ ਬਣਾਇਆ ਗਿ
ਗਿਆ ਹੈ। ਵਿਦੇਸ਼ ਮੰਤਰਾਲੇ ਨੇ ਐਕਸ 'ਤੇ ਲਿਖਿਆ "ਸਾਥੀ ਵਜੋਂ ਇਕੱਠੇ। ਇੱਕ ਹੋ ਕੇ ਮਜ਼ਬੂਤ। ਇੱਕ ਵਿਸ਼ੇਸ਼ ਸੰਕੇਤ ਵਿੱਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਡਾ. ਪੈਟ੍ਰਿਕ ਹਰਮਿਨੀ ਨੂੰ 'ਮੇਡ ਇਨ ਇੰਡੀਆ' ਫਾਸਟ ਪੈਟਰੋਲ ਵੈਸਲ ਫਸ਼ ਲ਼ਓਸ਼ਫਾਂਅ੍ਰ ਸੌਂਪਿਆ। ਐਫਪੀਵੀ ਸੇਸ਼ੇਲਸ ਦੀ ਸਮੁੰਦਰੀ ਨਿਗਰਾਨੀ ਅਤੇ ਈਈਜ਼ੈਡ ਗਸ਼ਤ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਵਿੱਚ ਯੋਗਦਾਨ ਪਾਵੇਗਾ। "ਪ੍ਰਧਾਨ ਮੰਤਰੀ ਨੇ ਛੇ ਐਂਬੂਲੈਂਸਾਂ, 10 ਉਪਯੋਗੀ ਵਾਹਨ ਅਤੇ ਪੰਜ ਲੇਜ਼ਰ ਰੇਡੀਅਲ ਕਿਸ਼ਤੀਆਂ ਵੀ ਸੌਂਪੀਆਂ, ਜੋ ਸੇਸ਼ੇਲਸ ਦੇ ਵਿਕਾਸ ਅਤੇ ਸੁਰੱਖਿਆ ਵਿੱਚ ਹੋਰ ਯੋਗਦਾਨ ਪਾਉਣਗੀਆਂ। ਭਾਰਤ ਦੇ ਵਿਜ਼ਨ ਮਹਾਸਾਗਰ ਦੁਆਰਾ ਨਿਰਦੇਸ਼ਤ, ਭਾਰਤ ਅਤੇ ਸੇਸ਼ੇਲਸ ਆਪਣੀ ਮਜ਼ਬੂਤ ਰੱਖਿਆ ਸਾਂਝੇਦਾਰੀ ਨੂੰ ਮਜ਼ਬੂਤ ਕਰਨਾ ਜਾਰੀ ਰੱਖਦੇ ਹਨ, ਹਿੰਦ ਮਹਾਸਾਗਰ ਖੇਤਰ ਵਿੱਚ ਸੁਰੱਖਿਆ ਅਤੇ ਸਥਿਰਤਾ ਵਿੱਚ ਯੋਗਦਾਨ ਪਾਉਂਦੇ ਹਨ," ਇਸ ਵਿੱਚ ਅੱਗੇ ਕਿਹਾ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਸ਼ਨੀਵਾਰ ਦੁਪਹਿਰ ਨੂੰ ਦੇਸ਼ ਦੇ ਰਾਸ਼ਟਰੀ ਦਿਵਸ ਦੇ ਗੋਲਡਨ ਜੁਬਲੀ ਸਮਾਰੋਹ ਵਿੱਚ ਮਹਿਮਾਨ ਵਜੋਂ ਸ਼ਾਮਲ ਹੋਣ ਅਤੇ ਦੁਵੱਲੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਸੇਸ਼ੇਲਸ ਪਹੁੰਚੇ। ਦੋਵਾਂ ਦੇਸ਼ਾਂ ਦੇ ਰਾਸ਼ਟਰੀ ਗੀਤ ਵਜਾਉਣ ਤੋਂ ਬਾਅਦ, ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਪੈਟ੍ਰਿਕ ਹਰਮਿਨੀ ਨੇ ਗਾਰਡ ਆਫ਼ ਆਨਰ ਨਿਰੀਖਣ ਦੌਰਾਨ ਫੌਜੀ ਸਲਾਮੀ ਪ੍ਰਾਪਤ ਕੀਤੀ। ਲੋਕ ਪ੍ਰਦਰਸ਼ਨ ਸੇਚੇਲੋਇਸ ਭਾਰਤੀ ਡਾਇਸਪੋਰਾ ਦੇ 18 ਮੈਂਬਰਾਂ ਦੁਆਰਾ ਪੇਸ਼ ਕੀਤਾ ਗਿਆ, ਜੋ ਮੂਲ ਰੂਪ ਵਿੱਚ ਕੱਛ, ਗੁਜਰਾਤ ਤੋਂ ਸਨ, ਸੱਭਿਆਚਾਰਕ ਵਿਰਾਸਤ ਅਤੇ ਆਜ਼ਾਦੀ ਦੀ ਭਾਵਨਾ ਦਾ ਜਸ਼ਨ ਮਨਾਉਂਦੇ ਸਨ।

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com



LAMBA VIDEO
★ Weddings ★ Birthdays ★ Photo Shoots
HD Quality
Wedding Videos
Pre Wedding Shoots

Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE

ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
CalDRE # 02115235
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Space availabe for Ad
Contact #
+1 (209) 303-1260


THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137



Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS
Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


OPEN
NOW HIRING
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ
ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ,
ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ,
ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ
ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ
ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ
ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH
www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI
SUB EDITOR (CHICAGO, IL OFFICE)
LOVJYOT VIRDI
GENERAL MANAGER
RAVINDER SINGH DHILLON
RESIDENT EDITOR (INDIA)
DR. RAJINDER RIKHI

DISCLAIMER
ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਕੀ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਖੇਤਰੀ ਪਾਰਟੀ ਵਜੋਂ ਮੁੜ ਉਭਰੇਗਾ?



ਗੁਰਮੀਤ ਸਿੰਘ ਪਲਾਹੀ
98158-02070

ਦੇਸ਼ ਵਿੱਚ ਐਮਰਜੈਂਸੀ ਦੀ 51ਵੀਂ ਵਰ੍ਹੇ ਗੰਢ ਦੇ ਮੌਕੇ 'ਤੇ ਸਭ ਤੋਂ ਵੱਡੀ ਭੂਮਿਕਾ ਨਿਭਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਾਸੀਆਂ ਨਾਲ ਐਮਰਜੈਂਸੀ ਸਮੇਂ ਦੌਰਾਨ ਹੋਈਆਂ ਜ਼ਿਆਦਤੀਆਂ ਨੂੰ ਸਾਂਝਾ ਨਹੀਂ ਕੀਤਾ। ਯਾਦ ਰਹੇ ਪੰਜਾਬੀਆਂ ਨੇ ਐਮਰਜੈਂਸੀ ਦੇ ਦੌਰ 'ਚ ਸਭ ਤੋਂ ਵੱਧ ਕਸ਼ਟ ਭੋਗਿਆ ਸੀ। ਦੇਸ਼ ਭਰ 'ਚ ਵਿਰੋਧੀ ਧਿਰਾਂ ਨੇ ਐਮਰਜੈਂਸੀ ਦੇ ਕਾਲੇ ਦੌਰ ਨੂੰ ਖ਼ੂਬ ਪ੍ਰਚਾਰਿਆ ਅਤੇ ਕਾਂਗਰਸ ਖ਼ਿਲਾਫ਼ ਪ੍ਰਚਾਰ ਕਰਕੇ ਸਿਆਸੀ ਲਾਹਾ ਲੈਣ ਦਾ ਯਤਨ ਕੀਤਾ। ਪਰ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਨੇਤਾ ਸਿਰਫ਼ ਇੱਕ ਬਿਆਨ ਦੇ ਕੇ ਚੁੱਪੀ ਸਾਧੀ ਬੈਠੇ ਰਹੇ। ਆਖ਼ਿਰ ਕਿਉਂ?

ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਲਗਭਗ ਇੱਕ ਸਦੀ ਪੁਰਾਣਾ ਹੈ। ਇਹ ਸਿਰਫ਼ ਇੱਕ ਸਿਆਸੀ ਪਾਰਟੀ ਨਹੀਂ, ਬਲਕਿ ਪੰਜਾਬ, ਪੰਜਾਬੀਅਤ ਅਤੇ ਸਿੱਖ ਪੰਥ ਦੇ ਹੱਕਾਂ ਦੀ ਰਾਖੀ ਲਈ ਹੋਂਦ ਵਿੱਚ ਆਈ ਇੱਕ ਅਜਿਹੀ ਲਹਿਰ ਸੀ ਜਿਸ ਨੇ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਸਮਾਜਿਕ ਅਤੇ ਸੂਬਾਈ ਹੱਕਾਂ ਦੀ ਲੜਾਈ ਵਿੱਚ ਹਮੇਸ਼ਾ ਮੋਹਰੀ ਰੋਲ ਅਦਾ ਕੀਤਾ। ਕਦੇ ਇਹ ਪੰਜਾਬ ਖੇਤਰ ਦੀ ਤਰਜ਼ਮਾਨੀ ਕਰਨ ਵਾਲੀ ਪੰਜਾਬ ਦੀ ਵੱਡੀ ਸਿਆਸੀ ਧਿਰ ਸੀ। ਪਰ ਅੱਜ ਇਹ ਪਾਰਟੀ ਵਿੱਖਰੀ ਹੋਈ ਹੈ। ਫੁਟ ਦਾ ਸ਼ਿਕਾਰ ਹੈ। ਕੀ ਇਹ ਸਵਾਰਥ ਸਿੱਧੀ ਦਾ ਨਤੀਜਾ ਨਹੀਂ ਹੈ?

ਸਵਾਲ ਇਹ ਵੀ ਖੜ੍ਹਾ ਹੁੰਦਾ ਹੈ ਕਿ ਕੀ ਕੁਰਬਾਨੀਆਂ ਦੇ ਇਤਿਹਾਸ ਵਾਲੀ ਇਹ ਜਥੇਬੰਦੀ ਪੰਜਾਬ ਵਿੱਚ ਇੱਕ ਮਜ਼ਬੂਤ ਖੇਤਰੀ ਪਾਰਟੀ ਵਜੋਂ ਮੁੜ ਉਭਰ ਸਕੇਗੀ? ਪੰਜਾਬ ਦੇ ਮੌਜੂਦਾ ਹਾਲਾਤ, ਕੇਂਦਰੀ ਪਾਰਟੀਆਂ ਦੀਆਂ ਚਾਲਾਂ ਅਤੇ ਅਕਾਲੀ ਦਲ ਦੀ ਅੰਦਰੂਨੀ ਫੁੱਟ ਨੂੰ ਵੇਖਦਿਆਂ ਇਹ ਸਵਾਲ ਬਹੁਤ ਗੰਭੀਰ ਹੋ ਗਿਆ ਹੈ।

ਅਕਾਲੀ ਦਲ ਦੀ ਪਛਾਣ ਹਮੇਸ਼ਾ ਜ਼ੁਲਮ ਅਤੇ ਬੇਇਨਸਾਫ਼ੀ ਖ਼ਿਲਾਫ਼ ਡਟਣ ਵਾਲੀ ਪਾਰਟੀ ਵਜੋਂ ਰਹੀ ਹੈ। ਜਦੋਂ 1975 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੇਸ਼ ਵਿੱਚ ਐਮਰਜੈਂਸੀ ਲਗਾਈ, ਵਿਰੋਧੀ ਧਿਰ ਦੇ ਆਗੂਆਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਅਤੇ ਪ੍ਰੈੱਸ 'ਤੇ ਪਾਬੰਦੀਆਂ ਲਗਾ ਦਿੱਤੀਆਂ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਹੀ ਸੀ ਜਿਸ ਨੇ ਸਭ ਤੋਂ ਵੱਡੇ ਪੱਧਰ 'ਤੇ ਇਸ ਤਾਨਾਸ਼ਾਹੀ ਦਾ ਵਿਰੋਧ ਕੀਤਾ। ਸਵਰਗਵਾਸੀ ਪ੍ਰਕਾਸ਼ ਸਿੰਘ ਬਾਦਲ ਸਮੇਤ ਕਈ ਵੱਡੇ ਅਕਾਲੀ ਆਗੂਆਂ,ਵਰਕਰਾਂ ਨੇ ਲੰਮਾ ਸਮਾਂ ਜੇਲ੍ਹਾਂ ਕੱਟੀਆਂ ਅਤੇ ਕੁਰਬਾਨੀਆਂ ਦਿੱਤੀਆਂ। ਜਾਪਦਾ ਹੈ ਇਹਨਾਂ ਕੁਰਬਾਨੀਆਂ ਨੂੰ ਨੇਤਾਵਾਂ ਪੈਰਾਂ 'ਚ ਰੋਲ ਕੇ ਰੱਖ ਦਿੱਤਾ ਹੈ!

ਅਕਾਲੀ ਦਲ ਦੇ ਮੌਜੂਦਾ ਕਿਰਦਾਰ ਵੱਲ ਝਾਤ ਮਾਰਦਿਆਂ ਤਾਂ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਹ ਪਾਰਟੀ ਆਪਣੇ ਹੀ ਸ਼ਾਨਦਾਰ ਇਤਿਹਾਸ ਨੂੰ ਪੂਰੀ ਤਰ੍ਹਾਂ ਵਿਸਾਰ ਚੁੱਕੀ ਹੈ। ਇੱਥੇ ਤਿੰਨ ਅਜਿਹੀਆਂ ਵੱਡੀਆਂ ਗੱਲਾਂ ਹਨ ਜਿਨ੍ਹਾਂ 'ਤੇ ਅਕਾਲੀ ਦਲ ਦੀ ਚੁੱਪੀ ਪੰਜਾਬੀਆਂ ਦੇ ਹਿਰਦੇ ਵਲੂੰਧਰਦੀ ਹੈ:

ਪਹਿਲੀ ਇਹ ਕਿ ਐਮਰਜੈਂਸੀ ਦੀਆਂ ਜ਼ਿਆਦਤੀਆਂ ਨੂੰ ਇਹ ਪਾਰਟੀ ਭੁੱਲ ਚੁੱਕੀ ਹੈ। ਜਿਸ ਤਾਨਾਸ਼ਾਹੀ ਖ਼ਿਲਾਫ਼ ਅਕਾਲੀ ਦਲ ਨੇ ਸਭ ਤੋਂ ਵੱਡਾ ਮੋਰਚਾ ਲਾਇਆ ਸੀ, ਅੱਜ ਦੀ ਲੀਡਰਸ਼ਿਪ ਐਮਰਜੈਂਸੀ ਦੌਰਾਨ ਹੋਈਆਂ ਉਨ੍ਹਾਂ ਭਿਆਨਕ ਜ਼ਿਆਦਤੀਆਂ ਅਤੇ ਆਪਣੇ ਆਗੂਆਂ ਦੇ ਸੰਘਰਸ਼ ਨੂੰ ਪੂਰੀ ਤਰ੍ਹਾਂ ਵਿਸਾਰ ਬੈਠੀ ਹੈ।

ਦੂਜਾ ਇਹ ਪਾਰਟੀ ਸੂਬਿਆਂ ਦੇ ਵੱਧ ਅਧਿਕਾਰਾਂ ਅਤੇ ਅਨੰਦਪੁਰ ਮਤੇ ਤੋਂ ਕਿਨਾਰਾ ਕਰੀ ਬੈਠੀ ਹੈ। ਭਾਰਤ ਦੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਰਾਜਾਂ ਨੂੰ ਵੱਧ ਸਵੈ-ਖ਼ੁਦਮੁਖਤਿਆਰੀ (ਅਧਿਕਾਰ) ਦਿਵਾਉਣ ਲਈ ਅਕਾਲੀ ਦਲ ਨੇ ਇਤਿਹਾਸਕ 'ਅਨੰਦਪੁਰ ਸਾਹਿਬ ਦਾ ਮਤਾ' ਪਾਸ ਕੀਤਾ ਸੀ। ਪਰ ਅੱਜ ਅਕਾਲੀ ਦਲ ਇਸ ਮਤੇ ਨੂੰ ਅੱਗੇ ਲਿਆਉਣ ਤੋਂ ਪੂਰੀ ਤਰ੍ਹਾਂ ਪਿੱਛੇ ਹਟ ਗਿਆ ਹੈ ਅਤੇ ਕੇਂਦਰੀਕਰਨ ਦੀ ਸਿਆਸਤ ਅੱਗੇ ਗੋਡੇ ਟੇਕ ਚੁੱਕਾ ਹੈ।

ਤੀਜਾ ਇਸ ਪਾਰਟੀ ਵੱਲੋਂ ਪੰਜਾਬ ਦੇ ਪਾਣੀਆਂ ਅਤੇ ਹੋਰ ਮੰਗਾਂ ਪ੍ਰਤੀ ਇਹ ਮੋਰਚਾ ਲਾਉਣ ਦੇ ਆਪਣੇ ਸੁਭਾਅ ਨੂੰ ਭੁੱਲ ਚੁੱਕੀ ਹੈ। ਪੰਜਾਬ ਦੇ ਪਾਣੀਆਂ ਦੀ ਲੁੱਟ, ਚੰਡੀਗੜ੍ਹ ਦੀ ਵਾਪਸੀ ਅਤੇ ਪੰਜਾਬੀ ਬੋਲਦੇ ਇਲਾਕਿਆਂ ਦੇ ਮਸਲੇ ਪੰਜਾਬ ਦੇ ਹੋਂਦ ਦੀ ਲੜਾਈ ਹਨ। ਅਤੀਤ ਵਿੱਚ ਇਨ੍ਹਾਂ ਮੁਦਿਆਂ 'ਤੇ ਜੇਲ੍ਹਾਂ ਭਰਨ ਵਾਲਾ ਅਕਾਲੀ ਦਲ ਅੱਜ ਇਨ੍ਹਾਂ ਗੰਭੀਰ ਮਸਲਿਆਂ 'ਤੇ ਮੁੜ ਕੋਈ ਮੋਰਚਾ ਲਾਉਣ ਜਾਂ ਸੰਘਰਸ਼ ਵਿੱਢਣ ਦੀ ਹਿੰਮਤ ਨਹੀਂ ਦਿਖਾ ਰਿਹਾ। ਯਾਦ ਰਹੇ ਇਹ ਅਕਾਲੀ ਦਲ ਹੀ ਸੀ, ਜਿਸਨੇ ਪੰਜਾਬੀ ਸੂਬੇ ਦਾ ਇਤਿਹਾਸਿਕ ਮੋਰਚਾ ਲਗਾਇਆ। ਵੱਡੀਆਂ ਕੁਰਬਾਨੀਆਂ ਕੀਤੀਆਂ। ਪੰਜਾਬ ਦੇ ਲੋਕਾਂ ਦਾ ਦਿਲ ਜਿੱਤਿਆ। ਪਰ ਅੱਜ ਅਕਾਲੀ ਦਲ ਕੀ ਪੰਜਾਬ ਦੀ ਵੱਡੀ ਸਿਆਸੀ ਧਿਰ ਵਜੋਂ ਆਪਣੀ ਹੋਂਦ ਗੁਆ ਰਹੀ ਹੈ?

ਅਕਾਲੀ ਦਲ ਦੇ ਪਤਨ ਅਤੇ ਮੌਜੂਦਾ ਸੰਕਟ ਦਾ ਇੱਕ ਵੱਡਾ ਕਾਰਨ ਧਾਰਮਿਕ ਸੰਸਥਾਵਾਂ ਦੀ ਸਿਆਸੀ ਹਿੱਤਾਂ ਲਈ ਵਰਤੋਂ ਕਰਨਾ ਮੰਨਿਆ ਜਾ ਰਿਹਾ ਹੈ। ਅੱਜ ਜਦੋਂ ਪਾਰਟੀ ਸਿਆਸੀ ਤੌਰ 'ਤੇ ਹਾਸ਼ੀਏ 'ਤੇ ਹੈ, ਤਾਂ ਇਸ 'ਤੇ ਲਗਾਤਾਰ ਇਹ ਦੋਸ਼ ਲੱਗ ਰਹੇ ਹਨ ਕਿ ਇਹ ਆਪਣੀ ਡੁੱਬਦੀ ਬੇੜੀ ਨੂੰ ਬਚਾਉਣ ਲਈ ਮੁੜ ਸਿੱਖ ਜਜ਼ਬਾਤ ਅਤੇ ਧਾਰਮਿਕ ਮੰਚਾਂ ਦਾ ਸਹਾਰਾ ਲੈ ਰਹੀ ਹੈ। ਹੁਣੇ ਜਿਹੇ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ 'ਪੰਥ ਦੋਖੀ' ਕਰਾਰ ਦਿੱਤੇ ਜਾਣ ਦਾ ਜੋ ਹੁਕਮਨਾਮਾ ਸਾਹਮਣੇ ਆਇਆ ਹੈ, ਉਸ ਪਿੱਛੇ ਵੀ ਅਕਾਲੀ ਦਲ ਦੀ ਬੈਕ ਸਟੇਜ ਸਿਆਸਤ ਹੋਣ ਦੇ ਗੰਭੀਰ ਦੋਸ਼ ਲੱਗ ਰਹੇ ਹਨ।

ਪੰਜਾਬ ਦੀ ਸਿਆਸੀ ਕਚਹਿਰੀ ਵਿੱਚ ਇਹ ਚਰਚਾ ਆਮ ਹੈ ਕਿ ਅਕਾਲੀ ਦਲ ਇਸ ਹੁਕਮਨਾਮੇ ਦੀ ਖੁੱਲ੍ਹ ਕੇ ਪਿੱਠ ਪੂਰ ਰਿਹਾ ਹੈ ਤਾਂ ਜੋ ਮੌਜੂਦਾ 'ਆਪ' ਸਰਕਾਰ ਦੇ ਖ਼ਿਲਾਫ਼ ਪੰਥਕ ਸਫ਼ਾਂ ਵਿੱਚ ਗੁੱਸਾ ਪੈਦਾ ਕੀਤਾ ਜਾ ਸਕੇ। ਪਰ ਸਵਾਲ ਇਹ ਉੱਠਦਾ ਹੈ ਕਿ ਕੀ ਅਜਿਹੀ ਧਾਰਮਿਕ ਪੈਂਤਰੇਬਾਜ਼ੀ ਅਕਾਲੀ ਦਲ ਨੂੰ ਮੁੜ ਸੁਰਜੀਤ ਕਰ ਸਕੇਗੀ? ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿਆਸੀ ਪਾਰਟੀਆਂ ਨੇ ਸਰਵਉੱਚ ਧਾਰਮਿਕ ਸੰਸਥਾਵਾਂ ਨੂੰ ਆਪਣੇ ਨਿੱਜੀ ਜਾਂ ਜੱਥੇਬੰਦਕ ਲਾਹੇ ਲਈ ਵਰਤਣ ਦੀ ਕੋਸ਼ਿਸ਼ ਕੀਤੀ ਹੈ, ਉਸ ਨਾਲ ਸੰਸਥਾਵਾਂ ਦੀ ਮਰਿਆਦਾ ਨੂੰ ਵੀ ਢਾਹ ਲੱਗੀ ਹੈ ਅਤੇ ਲੋਕਾਂ ਵਿੱਚ ਉਸ ਪਾਰਟੀ ਦਾ ਅਕਸ ਹੋਰ ਖ਼ਰਾਬ ਹੋਇਆ ਹੈ।

ਅੱਜ ਦੀ ਰਾਜਨੀਤੀ ਦਾ ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਨੇਤਾ ਲੋਕ ਆਪਣੀ ਨੈਤਿਕਤਾ ਪੂਰੀ ਤਰ੍ਹਾਂ ਗੁਆ ਚੁੱਕੇ ਹਨ। ਅਸਲ ਮਾਇਨਿਆਂ ਵਿੱਚ ਕਿਸੇ ਸਿਆਸੀ ਪਾਰਟੀ ਦਾ ਮੈਂਬਰ ਹੋਣਾ ਉਸ ਪਾਰਟੀ ਦੀਆਂ ਨੀਤੀਆਂ ਅਤੇ ਵਿਚਾਰਧਾਰਾ ਪ੍ਰਤੀ ਵਫ਼ਾਦਾਰੀ ਦਾ ਪ੍ਰਤੀਕ ਹੁੰਦਾ ਹੈ। ਇੱਕ ਸੁਚੱਜੇ ਲੋਕਤੰਤਰ ਵਿੱਚ ਪਾਰਟੀਆਂ ਦੀਆਂ ਨੀਤੀਆਂ ਬੜੀਆਂ ਸਪਸ਼ਟ ਹੁੰਦੀਆਂ ਨੇ ਅਤੇ ਜਿਹੜੇ ਵਰਕਰ ਜਾਂ ਆਗੂ ਇਸ ਦੇ ਮੈਂਬਰ ਬਣਦੇ ਨੇ, ਉਹ ਉਨ੍ਹਾਂ ਨੀਤੀਆਂ ਦੀ ਪਹਿਰੇਦਾਰੀ ਲਈ ਆਪਣਾ ਜੀਵਨ ਲਗਾ ਦਿੰਦੇ ਹਨ। ਪਰ ਹੁਣ ਸਮਾਂ ਬਿਲਕੁਲ ਬਦਲ ਚੁੱਕਾ ਹੈ। ਅੱਜ ਸਿਧਾਂਤ ਅਤੇ ਵਫ਼ਾਦਾਰੀ ਮਹਿਜ਼ ਕਿਤਾਬੀ ਗੱਲਾਂ ਰਹਿ ਗਈਆਂ ਹਨ। ਅਕਾਲੀ ਦਲ ਵੀ ਇਸ ਦੁਖਾਂਤ ਦਾ ਸ਼ਿਕਾਰ ਹੈ!

ਜਿੱਥੇ ਵੀ ਕਿਸੇ ਨੇਤਾ ਨੂੰ ਸੱਤਾ ਜਾਂ ਕੁਰਸੀ ਦੀ ਚਮਕ ਦਿਸਦੀ ਹੈ, ਉਹ ਉਸੇ ਹਿਸਾਬ ਦੇ ਨਾਲ ਬਿਨਾਂ ਕਿਸੇ ਸ਼ਰਮ ਦੇ ਆਪਣੀ ਪਾਰਟੀ ਬਦਲ ਲੈਂਦਾ ਹੈ। ਪੰਜਾਬ ਵਿੱਚ ਅੱਜ 'ਆਇਆ ਰਾਮ, ਗਿਆ ਰਾਮ' ਦੀ ਇਹ ਸਿਆਸਤ ਸਿਖਰਾਂ 'ਤੇ ਹੈ। ਨੇਤਾ ਇੱਕ ਪਾਰਟੀ ਛੱਡ ਕੇ ਦੂਜੀ ਵਿੱਚ ਛਾਲਾਂ ਮਾਰ ਰਹੇ ਹਨ। ਇਸ ਮੌਕਾਪ੍ਰਸਤੀ ਨੇ ਆਮ ਜਨਤਾ ਦਾ ਸਿਆਸੀ ਜਮਾਤ ਤੋਂ ਭਰੋਸਾ ਹੀ ਉਠਾ ਦਿੱਤਾ ਹੈ, ਅਤੇ ਅਕਾਲੀ ਦਲ ਵੀ ਇਸ ਅੰਦਰੂਨੀ ਟੁੱਟ-ਭੱਜ ਅਤੇ ਮੌਕਾਪ੍ਰਸਤੀ ਤੋਂ ਅਛੂਤਾ ਨਹੀਂ ਰਿਹਾ।

ਇਸ ਸਿਆਸੀ ਖਿੱਚੋਤਾਣ ਦੇ ਦਰਮਿਆਨ ਪੰਜਾਬ ਦੇ ਅਸਲ ਬੁਨਿਆਦੀ ਮਸਲੇ ਹਾਸ਼ੀਏ 'ਤੇ ਚਲੇ ਗਏ ਹਨ। ਅੱਜ ਪੰਜਾਬ ਵਿੱਚ ਬੇਰੋਜ਼ਗਾਰੀ ਬਹੁਤ ਜ਼ਿਆਦਾ ਵੱਧ ਚੁੱਕੀ ਹੈ, ਜਿਸ ਕਾਰਨ ਸਾਡੀ ਸਭ ਤੋਂ ਵੱਡੀ ਤਾਕਤ-ਸਾਡੀ ਨੌਜਵਾਨੀ-ਭਵਿੱਖ ਦੇ ਧੁੰਦਲੇਪਣ ਤੋਂ ਡਰਦੀ ਹੋਈ ਧੜਾਧੜ ਵਿਦੇਸ਼ਾਂ ਨੂੰ ਭੱਜ ਰਹੀ ਹੈ। ਪੰਜਾਬ ਦੇ ਘਰ ਖਾਲੀ ਹੋ ਰਹੇ ਹਨ ਅਤੇ ਬਜ਼ੁਰਗ ਇਕੱਲੇ ਰਹਿ ਗਏ ਹਨ। ਦੂਜੇ ਪਾਸੇ, ਜਿਹੜੀ ਨੌਜਵਾਨੀ ਇੱਥੇ ਰਹਿ ਗਈ ਹੈ, ਉਸ ਨੂੰ ਨਸ਼ਿਆਂ ਦਾ ਪ੍ਰਕੋਪ ਲਗਾਤਾਰ ਆਪਣੀ ਗ੍ਰਿਫ਼ਤ ਵਿੱਚ ਲੈ ਰਿਹਾ ਹੈ। ਨਸ਼ਿਆਂ ਦਾ ਇਹ ਕੋਹੜ ਪੰਜਾਬ ਦੀਆਂ ਜੜ੍ਹਾਂ ਨੂੰ ਰੋਜ਼ਾਨਾ ਖੋਖਲਾ ਕਰ ਰਿਹਾ ਹੈ। ਆਮ ਪੰਜਾਬੀ ਅੱਜ ਇਹ ਸਵਾਲ ਪੁੱਛ ਰਿਹਾ ਹੈ ਕਿ ਕੀ ਅਕਾਲੀ ਦਲ ਕੋਲ ਇਨ੍ਹਾਂ ਭਖਦੇ ਮਸਲਿਆਂ ਲਈ ਕੋਈ ਠੋਸ ਅਤੇ ਸਪਸ਼ਟ ਏਜੰਡਾ ਹੈ, ਜਾਂ ਫਿਰ ਉਹ ਸਿਰਫ਼ ਧਾਰਮਿਕ ਫ਼ਤਵਿਆਂ ਦੇ ਓਹਲੇ ਆਪਣੀ ਸਿਆਸੀ ਹੋਂਦ ਬਚਾਉਣ ਦੀ ਤਾਕ ਵਿੱਚ ਹੈ?

ਅਕਾਲੀ ਦਲ ਨੂੰ ਸਭ ਤੋਂ ਵੱਡਾ ਨੁਕਸਾਨ ਭਾਰਤੀ ਜਨਤਾ ਪਾਰਟੀ ਨਾਲ ਲੰਮੀ ਸਿਆਸੀ ਭਾਈਵਾਲੀ ਕਾਰਨ ਹੋਇਆ ਹੈ। ਭਾਜਪਾ ਵੱਲੋਂ ਦੇਸ਼ ਭਰ ਵਿੱਚ 'ਸਾਮ, ਦਾਮ, ਦੰਡ, ਭੇਦ' ਦੀ ਨੀਤੀ ਤਹਿਤ ਖੇਤਰੀ ਪਾਰਟੀਆਂ ਨੂੰ ਹੌਲੀ-ਹੌਲੀ ਖ਼ਤਮ ਜਾਂ ਕਮਜ਼ੋਰ ਕਰਨ ਦੀ ਖੇਡ ਖੇਡੀ ਜਾ ਰਹੀ ਹੈ ਅਤੇ ਅਕਾਲੀ ਦਲ ਵੀ ਇਸੇ ਦਾ ਸ਼ਿਕਾਰ ਹੋਇਆ ਹੈ। ਕੀ ਅਕਾਲੀ ਦਲ ਦੀ ਲੀਡਰਸ਼ਿਪ ਇਹ ਸਮਝ ਨਹੀਂ ਰਹੀ?

ਕੇਂਦਰ ਵੱਲੋਂ ਸੂਬਾਈ ਤਾਕਤਾਂ ਨੂੰ ਦਬਾਉਣ ਦੀ ਇਹ ਖੇਡ ਨਵੀਂ ਨਹੀਂ ਹੈ। ਕਾਂਗਰਸ ਵੀ ਪਹਿਲਾਂ ਇਸ ਖੇਡ ਵਿੱਚ ਉਸਤਾਦ ਰਹੀ ਹੈ, ਜਿਸ ਨੇ ਸੰਵਿਧਾਨ ਦੀ ਧਾਰਾ 356 ਦਾ ਮਨਮਾਨਾ ਇਸਤੇਮਾਲ ਕਰਕੇ ਕਈ ਵਾਰ ਪੰਜਾਬ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਡੇਗਿਆ ਸੀ। ਪਰ ਦੁੱਖ ਦੀ ਗੱਲ ਇਹ ਹੈ ਕਿ ਅਕਾਲੀ ਦਲ ਨੇ ਭਾਜਪਾ ਨਾਲ ਸੱਤਾ ਵਿੱਚ ਹੁੰਦਿਆਂ ਵੀ ਪੰਜਾਬ ਦੇ ਪੱਕੇ ਮਸਲੇ ਹੱਲ ਕਰਵਾਉਣ ਦੀ ਬਜਾਏ ਆਪਣੀ ਕੁਰਸੀ ਨੂੰ ਹੀ ਤਰਜੀਹ ਦਿੱਤੀ। ਭਾਵੇਂ ਕਿ ਮਜ਼ਬੂਰਨ ਕਿਸਾਨ ਅੰਦੋਲਨ ਵੇਲੇ ਉਸ ਵੱਲੋਂ ਇਹ ਭਾਈਵਾਲੀ ਛੱਡ ਦਿੱਤੀ ਗਈ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੀ ਪੰਜਾਬ ਦੇ ਨਾਲ ਕੇਂਦਰ ਸਰਕਾਰਾਂ ਵੱਲੋਂ ਲਗਾਤਾਰ ਬੜੇ ਲੰਮੇ ਸਮੇਂ ਤੋਂ ਵਿਤਕਰੇ ਹੁੰਦੇ ਆ ਰਹੇ ਹਨ। ਚਾਹੇ ਉਹ ਪੰਜਾਬ ਦੇ ਪਾਣੀਆਂ ਦੀ ਬੇਇਨਸਾਫ਼ੀ ਹੋਵੇ, ਰਾਜਧਾਨੀ ਚੰਡੀਗੜ੍ਹ ਦਾ ਮਸਲਾ ਹੋਵੇ, ਜਾਂ ਫਿਰ ਪੰਜਾਬੀ ਬੋਲਦੇ ਇਲਾਕਿਆਂ ਨੂੰ ਸੂਬੇ ਤੋਂ ਬਾਹਰ ਰੱਖਣ ਦੀ ਸਾਜ਼ਿਸ਼-ਪੰਜਾਬ ਨੇ ਹਮੇਸ਼ਾ ਕੇਂਦਰੀਕਰਨ ਦੀ ਮਾਰ ਝੱਲੀ ਹੈ। ਇਨ੍ਹਾਂ ਇਤਿਹਾਸਕ ਵਿਤਕਰਿਆਂ ਨੂੰ ਦੂਰ ਕਰਨ ਲਈ ਪੰਜਾਬ ਨੂੰ ਅੱਜ ਕਿਸੇ ਦਿੱਲੀ-ਪ੍ਰੇਰਿਤ ਪਾਰਟੀ ਦੀ ਨਹੀਂ, ਬਲਕਿ ਇੱਕ ਅਜਿਹੀ ਮਜ਼ਬੂਤ ਅਤੇ ਸੱਚੀ ਖੇਤਰੀ ਪਾਰਟੀ ਦੀ ਅਤਿਅੰਤ ਲੋੜ ਹੈ ਜੋ ਬਿਨਾਂ ਕਿਸੇ ਡਰ ਦੇ 'ਪੰਜਾਬ, ਪੰਜਾਬੀ ਅਤੇ ਪੰਜਾਬੀਅਤ' ਦੀ ਅਸਲ ਰਾਖੀ ਕਰ ਸਕੇ। ਪੰਜਾਬ ਦੇ ਲੋਕ ਇੱਕ ਅਜਿਹੀ ਲੀਡਰਸ਼ਿਪ ਚਾਹੁੰਦੇ ਹਨ ਜੋ ਪੰਜਾਬ ਖੇਤਰ ਦੇ ਸਥਾਨਕ ਮਸਲਿਆਂ ਨੂੰ ਹੱਲ ਕਰਨ ਲਈ ਹਿੱਕ ਤਾਣ ਕੇ ਖੜ੍ਹੇ ਅਤੇ ਕੇਂਦਰ ਅੱਗੇ ਗੋਡੇ ਟੇਕਣ ਦੀ ਬਜਾਏ ਪੰਜਾਬ ਦੇ ਹੱਕਾਂ ਲਈ ਯਤਨ ਕਰੇ।

ਅੱਜ ਜਦੋਂ ਕਿ ਚੋਣਾਂ ਦੇ ਦਿਨ ਆ ਚੁੱਕੇ ਨੇ, ਪੰਜਾਬ ਦੇ ਲੋਕਾਂ ਵਿੱਚ ਇਸ ਨਿਰਾਸ਼ਾ ਦੇ ਦੌਰ ਦਰਮਿਆਨ ਅਕਾਲੀ ਦਲ ਦਾ ਆਪਣਾ ਸਟੈਂਡ ਬਿਲਕੁਲ ਸਾਫ਼ ਨਹੀਂ ਹੈ। ਪਾਰਟੀ ਨੂੰ ਪੰਜਾਬ ਦੀ ਕਚਹਿਰੀ ਵਿੱਚ ਇਹ ਸਪੱਸ਼ਟ ਕਰਨਾ ਪਵੇਗਾ ਕਿ ਉਸ ਦਾ ਪੰਜਾਬ ਦੇ ਖੇਤਰ ਅਤੇ ਇੱਥੋਂ ਦੇ ਲੋਕਾਂ ਪ੍ਰਤੀ ਅਸਲ ਸਟੈਂਡ ਕੀ ਹੈ? ਕੀ ਉਹ ਸਿਰਫ਼ ਵੋਟਾਂ ਦੀ ਸਿਆਸਤ ਤੱਕ ਸੀਮਤ ਰਹੇਗੀ ਜਾਂ ਫਿਰ ਪੰਜਾਬ ਦੇ ਲਤਾੜੇ ਜਾ ਚੁੱਕੇ ਹੱਕਾਂ ਲਈ ਸੱਚਮੁੱਚ ਲੜਨ ਵਾਸਤੇ ਤਿਆਰ ਹੈ? ਪੰਜਾਬ ਪਿਛਲੇ ਲੰਮੇ ਸਮੇਂ ਤੋਂ ਸਿਆਸੀ ਅਤੇ ਆਰਥਿਕ ਤੌਰ 'ਤੇ ਬਹੁਤ ਬੁਰੀ ਤਰ੍ਹਾਂ ਲਤਾੜਿਆ ਜਾ ਚੁੱਕਾ ਹੈ।

ਹੁਣ ਦੇਖਣਾ ਇਹ ਹੋਵੇਗਾ ਕਿ ਕੀ ਸ਼੍ਰੋਮਣੀ ਅਕਾਲੀ ਦਲ (ਜਾਂ ਇਸ ਦੇ ਵੱਖ-ਵੱਖ ਧੜੇ) ਚੋਣਾਂ ਦੇ ਇਸ ਨਾਜ਼ੁਕ ਮੋੜ 'ਤੇ ਪੰਜਾਬ ਨੂੰ ਮਜ਼ਬੂਤ ਅਗਵਾਈ ਦੇ ਸਕਣਗੇ? ਕੀ ਉਹ ਆਪਣੀਆਂ ਇਤਿਹਾਸਕ ਭੁੱਲਾਂ ਨੂੰ ਸੁਧਾਰ ਕੇ ਲੋਕਾਂ ਵਿੱਚ ਆਪਣਾ ਗੁਆਚਿਆ ਹੋਇਆ ਵਿਸ਼ਵਾਸ ਮੁੜ ਬਣਾ ਸਕਣਗੇ? ਸ਼੍ਰੋਮਣੀ ਅਕਾਲੀ ਦਲ ਦਾ ਮੁੜ ਉਭਾਰ ਤਾਂ ਹੀ ਸੰਭਵ ਹੈ ਜੇਕਰ ਇਹ ਨਿੱਜੀ ਹਿੱਤਾਂ, ਧੜੇਬੰਦੀਆਂ, ਮੌਕਾਪ੍ਰਸਤ ਸਿਆਸਤ ਅਤੇ ਧਾਰਮਿਕ ਸੰਸਥਾਵਾਂ ਦੀ ਸਿਆਸੀ ਵਰਤੋਂ ਦੇ ਦੋਸ਼ਾਂ ਤੋਂ ਉੱਪਰ ਉੱਠ ਕੇ, ਚੋਣਾਂ ਦੇ ਮੌਜੂਦਾ ਦੌਰ ਵਿੱਚ ਪੰਜਾਬ ਦੇ ਲੋਕਾਂ ਸਾਹਮਣੇ ਆਪਣੀ ਨੀਤੀ ਸਪੱਸ਼ਟ ਕਰੇ। ਇਸ ਨੂੰ ਮੁੜ ਤੋਂ "ਪੰਜਾਬ, ਪੰਜਾਬੀਅਤ, ਪਾਣੀਆਂ ਦੇ ਹੱਕ, ਨੌਜਵਾਨੀ ਦੇ ਰੁਜ਼ਗਾਰ ਅਤੇ ਅਨੰਦਪੁਰ ਸਾਹਿਬ ਦੇ ਮਤੇ" ਦੀ ਅਸਲ ਪਹਿਰੇਦਾਰ ਬਣ ਕੇ ਮੈਦਾਨ ਵਿੱਚ ਨਿੱਤਰਨਾ ਪਵੇਗਾ। ਜੇਕਰ ਲੀਡਰਸ਼ਿਪ ਹੁਣ ਵੀ ਨਾ ਸੰਭਲੀ, ਨੈਤਿਕਤਾ ਨੂੰ ਵਿਸਾਰ ਕੇ ਸਿਰਫ਼ ਕੁਰਸੀ ਪਿੱਛੇ ਭੱਜਦੀ ਰਹੀ ਅਤੇ ਧਾਰਮਿਕ ਆੜ ਹੇਠ ਨਕਾਰਾਤਮਕ ਸਿਆਸਤ ਕਰਦੀ ਰਹੀ, ਤਾਂ ਪੰਜਾਬੀ ਲੋਕ ਸ਼੍ਰੋਮਣੀ ਅਕਾਲੀ ਦਲ ਲੀਡਰਸ਼ਿਪ ਨੂੰ ਕਦੇ ਮੁਆਫ਼ ਨਹੀਂ ਕਰਨਗੇ।

**Information in Public Interest**

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
DUI / DWI Defense
Drug Charges
Domestic Violence Defense
Assault & Battery Defense
Theft / Fraud / Financial Crimes
Probation Violations
Contact Us
info@ghumanlawgroup.com
ghumanlawgroup.org
+1 228-200-0001

# ਫੀਫਾ ਵਰਲਡ ਕੱਪ: ਖ਼ਿਤਾਬ ਦਾ ਮਜ਼ਬੂਤ ਦਾਅਵੇਦਾਰ ਬਣ ਕੇ ਉਭਰਿਆ ਫਰਾਂਸ
## ਫਰਾਂਸ ਨੇ 1998 ਤੋਂ ਬਾਅਦ ਆਪਣੇ ਗਰੁੱਪ ਦੇ ਸਾਰੇ ਮੈਚ ਜਿੱਤੇ

**ਮੈਸਾਚੂਸੈਟਸ ਸਾਂਝੀ ਸੋਚ ਬਿਊਰੋ**

ਫੀਫਾ ਵਿਸ਼ਵ ਕੱਪ 2026 ਦੇ ਆਪਣੇ ਆਖਰੀ ਗਰੁੱਪ ਮੈਚ ਵਿਚ ਫਰਾਂਸ ਨੇ ਨਾਰਵੇ ਨੂੰ 4-1 ਨਾਲ ਹਰਾ ਕੇ ਵੱਡੀ ਜਿੱਤ ਦਰਜ ਕੀਤੀ। ਇਸ ਜਿੱਤ ਨਾਲ ਫਰਾਂਸ ਨੇ 1998 ਦੇ ਵਿਸ਼ਵ ਕੱਪ ਤੋਂ ਬਾਅਦ ਪਹਿਲੀ ਵਾਰ ਕਿਸੇ ਵੱਡੇ ਟੂਰਨਾਮੈਂਟ ਦੇ ਗਰੁੱਪ ਪੜਾਅ ਦੇ ਤਿੰਨੋਂ ਮੈਚ ਜਿੱਤੇ। ਇਸ ਮੈਚ ਵਿਚ ਉਸਮਾਨ ਡੇਮਬੇਲੇ ਦੀ ਸ਼ਾਨਦਾਰ ਹੈਟ੍ਰਿਕ ਅਤੇ ਕਪਤਾਨ ਐਮਬਾਪੇ ਦੀ ਕਾਰਗੁਜ਼ਾਰੀ ਸਭ ਤੋਂ ਵੱਡੀ ਖਾਸੀਅਤ ਰਹੇ।

ਡੇਮਬੇਲੇ ਨੇ ਵਿਸ਼ਵ ਕੱਪ ਵਿਚ ਆਪਣੇ ਕਰੀਅਰ ਦੀ ਪਹਿਲੀ ਹੈਟ੍ਰਿਕ ਲਗਾਈ, ਜਦਕਿ ਐਮਬਾਪੇ ਨੇ ਦੋ ਗੋਲਾਂ ਨਾਲ ਟੀਮ ਦੀ ਜਿੱਤ ਵਿਚ ਅਹਿਮ ਯੋਗਦਾਨ ਪਾਇਆ। ਐਰਲਿੰਗ ਹਾਲੈਂਡ ਤੋਂ ਬਿਨਾਂ ਉਤਰੀ ਨਾਰਵੇ ਦੀ ਟੀਮ ਫਰਾਂਸ ਦੇ ਹਮਲਿਆਂ ਦਾ ਮੁਕਾਬਲਾ ਨਹੀਂ ਕਰ ਸਕੀ ਅਤੇ ਫਰਾਂਸ ਨੇ 4-1 ਨਾਲ ਜਿੱਤ ਦਰਜ ਕਰਦੇ ਹੋਏ ਸ਼ਾਨਦਾਰ ਅੰਦਾਜ਼ ਵਿਚ ਰਾਊਂਡ ਆਫ਼ 32 ਵਿਚ ਥਾਂ ਬਣਾ ਲਈ। ਫਰਾਂਸ ਨੇ 1998 ਦੇ ਫੀਫਾ ਵਿਸ਼ਵ ਕੱਪ ਤੋਂ ਬਾਅਦ ਪਹਿਲੀ ਵਾਰ ਕਿਸੇ ਵੱਡੇ ਟੂਰਨਾਮੈਂਟ ਦੇ ਗਰੁੱਪ ਪੜਾਅ ਦੇ ਸਾਰੇ ਮੈਚ ਜਿੱਤੇ ਹਨ। 1998 ਵਿਚ ਫਰਾਂਸ ਨੇ ਪਹਿਲੀ ਵਾਰ ਵਿਸ਼ਵ ਕੱਪ ਦਾ ਖਿਤਾਬ ਜਿੱਤਿਆ ਸੀ ਅਤੇ ਫਾਈਨਲ ਵਿਚ ਬ੍ਰਾਜ਼ੀਲ ਨੂੰ ਹਰਾਇਆ ਸੀ। ਇਸ ਵਾਰ ਵੀ ਗਰੁੱਪ ਪੜਾਅ ਵਿਚ ਕਲੀਨ ਸਵੀਪ ਕਰਕੇ ਫਰਾਂਸ ਨੇ ਸੰਕੇਤ ਦਿੱਤਾ ਹੈ ਕਿ ਉਹ ਵਿਸ਼ਵ ਕੱਪ ਜਿੱਤਣ ਲਈ ਪੂਰੀ ਤਰ੍ਹਾਂ ਤਿਆਰ ਹੈ। ਡੇਮਬੇਲੇ ਅਤੇ ਐਮਬਾਪੇ ਦੀ ਜੋੜੀ ਹੁਣ ਫੀਫਾ ਵਿਸ਼ਵ ਕੱਪ ਦੇ ਇੱਕ ਹੀ ਐਡੀਸ਼ਨ 'ਚ ਪੰਜ ਗੋਲਾਂ ਵਿਚ ਮਿਲ ਕੇ ਯੋਗਦਾਨ ਪਾਉਣ ਵਾਲੀ ਸਿਰਫ਼ ਤੀਜੀ ਜੋੜੀ ਬਣ ਗਈ ਹੈ।




ਨਾਰਵੇ ਖ਼ਿਲਾਫ਼ ਮੈਚ ਵਿਚ ਐਮਬਾਪੇ ਨੇ ਡੇਮਬੇਲੇ ਦੇ ਦੋ ਗੋਲਾਂ ਲਈ ਅਸਿਸਟ ਦਿੱਤੇ। ਇਸ ਤੋਂ ਪਹਿਲਾਂ ਇਹ ਰਿਕਾਰਡ ਪੋਲੈਂਡ ਦੇ ਆਂਡਰੇਜ ਸ਼ਾਰਮਾਖ ਅਤੇ ਗ੍ਰੇਗੋਰਜ਼ ਲਾਟੋ ਅਤੇ ਜਰਮਨੀ ਦੇ ਮਿਰੋਸਲਾਵ ਕਲੋਜ਼ੇ ਅਤੇ ਮਾਈਕਲ ਬਾਲਾਕ ਦੀਆਂ ਜੋੜੀਆਂ ਦੇ ਨਾਮ ਸੀ। ਫਰਾਂਸ ਨੇ ਆਪਣੇ ਲਗਾਤਾਰ ਵਿਸ਼ਵ ਕੱਪ ਮੈਚਾਂ ਵਿਚ ਤਿੰਨ-ਤਿੰਨ ਗੋਲ ਕੀਤੇ ਹਨ। ਇਹ ਕਿਸੇ ਵੀ ਟੀਮ ਵੱਲੋਂ ਲਗਾਤਾਰ ਵਿਸ਼ਵ ਕੱਪ ਮੈਚਾਂ ਵਿਚ ਤਿੰਨ ਜਾਂ ਇਸ ਤੋਂ ਵੱਧ ਗੋਲ ਕਰਨ ਦਾ ਸਾਂਝਾ ਸਭ ਤੋਂ ਲੰਬਾ ਸਿਲਸਿਲਾ ਹੈ। 1998 ਤੋਂ 2002 ਦਰਮਿਆਨ ਸਪੇਨ ਨੇ ਵੀ ਅਜਿਹਾ ਪ੍ਰਦਰਸ਼ਨ ਕੀਤਾ ਸੀ। ਡੇਮਬੇਲੇ ਨੇ ਇਸ ਮੈਚ ਵਿਚ ਇਤਿਹਾਸ ਰਚਦਿਆਂ 1994 ਤੋਂ ਬਾਅਦ ਵਿਸ਼ਵ ਕੱਪ ਦੇ ਪਹਿਲੇ ਅੱਧ ਵਿਚ ਹੈਟ੍ਰਿਕ ਕਰਨ ਵਾਲੇ ਪਹਿਲੇ ਖਿਡਾਰੀ ਬਣਨ ਦਾ ਮਾਣ ਹਾਸਲ ਕੀਤਾ। ਇਸ ਤੋਂ ਪਹਿਲਾਂ ਇਹ 1994 ਵਿਚ ਓਲੇਗ ਸਲੇਨਕੋ ਨੇ ਕੀਤਾ ਸੀ। ਸ਼ੁੱਕਰਵਾਰ ਨੂੰ ਫਾਕਸਬੋਰੋ ਵਿਚ ਖੇਡੇ ਗਏ ਇਸ ਮੈਚ ਵਿਚ ਡੇਮਬੇਲੇ ਨੇ ਸਿਰਫ਼ 32 ਮਿੰਟਾਂ ਵਿਚ ਆਪਣੀ ਹੈਟ੍ਰਿਕ ਪੂਰੀ ਕਰ ਲਈ। ਇਹ ਵਿਸ਼ਵ ਕੱਪ ਦੇ ਇਤਿਹਾਸ ਦੀ ਦੂਜੀ ਸਭ ਤੋਂ ਤੇਜ਼ ਹੈਟ੍ਰਿਕ ਹੈ। ਇਸ ਤੋਂ ਪਹਿਲਾਂ 1954 ਵਿਚ ਆਸਟਰੀਆ ਦੇ ਐਰਿਕ ਪ੍ਰੋਬਸਟ ਨੇ ਚੈਕੋਸਲੋਵਾਕੀਆ ਖ਼ਿਲਾਫ਼ ਸਿਰਫ਼ 24 ਮਿੰਟਾਂ ਵਿਚ ਹੈਟ੍ਰਿਕ ਕੀਤੀ ਸੀ।

ਡੇਮਬੇਲੇ ਹੁਣ ਵਿਸ਼ਵ ਕੱਪ ਵਿਚ ਹੈਟ੍ਰਿਕ ਕਰਨ ਵਾਲੇ ਸਿਰਫ਼ ਤੀਜੇ ਫਰਾਂਸੀਸੀ ਖਿਡਾਰੀ ਬਣ ਗਏ ਹਨ। ਉਨ੍ਹਾਂ ਤੋਂ ਪਹਿਲਾਂ ਇਹ ਉਪਲਬਧੀ ਜਸਟ ਫੋਂਟੇਨ ਅਤੇ ਕਾਇਲੀਅਨ ਐਮਬਾਪੇ ਹਾਸਲ ਕਰ ਚੁੱਕੇ ਹਨ। ਡੇਮਬੇਲੇ ਦੀ ਹੈਟ੍ਰਿਕ ਦਾ ਤੀਜਾ ਗੋਲ ਵੀ ਖਾਸ ਰਿਹਾ। ਓਪਟਾਜੋ ਦੇ ਅਨੁਸਾਰ, ਇਸ ਵਿਸ਼ਵ ਕੱਪ ਦੇ ਹੁਣ ਤੱਕ ਹੋਏ 182 ਗੋਲਾਂ ਵਿਚ ਇਹ ਪਹਿਲਾ ਗੋਲ ਸੀ, ਜਿਸ ਦੀ ਤਿਆਰੀ ਵਿਚ ਫਰਾਂਸ ਦੀ ਟੀਮ ਦੇ ਸਾਰੇ 11 ਖਿਡਾਰੀਆਂ ਨੇ ਗੇਂਦ ਨੂੰ ਛੂਹਿਆ। ਮੈਚ ਦੀ ਸ਼ੁਰੂਆਤ ਤੋਂ ਹੀ ਫਰਾਂਸ ਨੇ ਹਮਲਾਵਰ ਖੇਡ ਦਿਖਾਈ। ਡੇਮਬੇਲੇ ਨੇ ਸੱਤਵੇਂ ਮਿੰਟ ਵਿਚ ਸ਼ਾਨਦਾਰ ਗੋਲ ਕਰਕੇ ਖਾਤਾ ਖੋਲ੍ਹਿਆ। ਇਸ ਤੋਂ ਬਾਅਦ 20ਵੇਂ ਮਿੰਟ ਵਿਚ ਬਾਕਸ ਤੋਂ ਬਾਹਰ ਖੱਬੇ ਪੈਰ ਨਾਲ ਜ਼ਬਰਦਸਤ ਸ਼ਾਟ ਲਗਾ ਕੇ ਆਪਣਾ ਦੂਜਾ ਗੋਲ ਕੀਤਾ। ਨਾਰਵੇ ਨੇ 21ਵੇਂ ਮਿੰਟ ਵਿਚ ਥੇਲੋ ਆਸਗਾਰਡ ਦੇ ਗੋਲ ਨਾਲ ਵਾਪਸੀ ਦੀ ਕੋਸ਼ਿਸ਼ ਕੀਤੀ, ਪਰ ਡੇਮਬੇਲੇ ਨੇ 32ਵੇਂ ਮਿੰਟ ਵਿਚ ਤਾਕਤਵਰ ਸ਼ਾਟ ਨਾਲ ਆਪਣੀ ਹੈਟ੍ਰਿਕ ਪੂਰੀ ਕਰਕੇ ਫਰਾਂਸ ਨੂੰ ਮੁੜ ਦੋ ਗੋਲਾਂ ਦੀ ਬੜ੍ਹਤ ਦਿਵਾ ਦਿੱਤੀ। ਇਸ ਮੈਚ ਵਿਚ ਦਰਸ਼ਕ ਕਾਇਲੀਅਨ ਐਮਬਾਪੇ ਅਤੇ ਐਰਲਿੰਗ ਹਾਲੈਂਡ ਵਿਚਾਲੇ ਹੋਣ ਵਾਲੇ ਬਹੁਚਰਚਿਤ ਮੁਕਾਬਲੇ ਨੂੰ ਨਹੀਂ ਦੇਖ ਸਕੇ। ਨਾਰਵੇ ਦੇ ਕੋਚ ਸਟਾਲੇ ਸੋਲਬਾਕਨ ਨੇ ਆਪਣੇ 10 ਨਿਯਮਿਤ ਖਿਡਾਰੀਆਂ ਨੂੰ ਆਰਾਮ ਦਿੱਤਾ, ਜਿਨ੍ਹਾਂ ਵਿਚ ਸਟਾਰ ਸਟਰਾਈਕਰ ਐਰਲਿੰਗ ਹਾਲੈਂਡ ਅਤੇ ਕਪਤਾਨ ਮਾਰਟਿਨ ਓਡੇਗਾਰਡ ਵੀ ਸ਼ਾਮਲ ਸਨ।

# ਕੈਨੇਡਾ ਸਰਕਾਰ ਵੱਲੋਂ ਇਮੀਗ੍ਰੇਸ਼ਨ ਭਾਸ਼ਾ ਟੈਸਟਾਂ 'ਚ ਸਖਤੀ!
## ਤਸਵੀਰਾਂ ਦਾ ਮਿਲਾਣ ਅਤੇ ਰੈਂਡਮ ਆਡਿਟ ਲਾਜ਼ਮੀ

**ਓਟਵਾ ਸਾਂਝੀ ਸੋਚ ਬਿਊਰੋ**

ਕੈਨੇਡਾ ਸਰਕਾਰ ਨੇ ਆਪਣੀ ਪ੍ਰਵਾਸ ਪ੍ਰਣਾਲੀ ਦੀ ਪਾਰਦਰਸ਼ਤਾ ਅਤੇ ਭਰੋਸੇਯੋਗਤਾ ਨੂੰ ਬਰਕਰਾਰ ਰੱਖਣ ਲਈ ਇੱਕ ਬੇਹੱਦ ਸਖ਼ਤ ਅਤੇ ਵੱਡਾ ਕਦਮ ਚੁੱਕਿਆ ਹੈ। ਇਮੀਗ੍ਰੇਸ਼ਨ, ਰਿਫ਼ਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ ਅੰਗਰੇਜ਼ੀ ਅਤੇ ਫਰੈਂਚ ਭਾਸ਼ਾ ਦੇ ਟੈਸਟਾਂ ਦੀ ਨਿਗਰਾਨੀ ਨੂੰ ਪਹਿਲਾਂ ਨਾਲੋਂ ਕਿਤੇ ਵੱਧ ਸਖ਼ਤ ਕਰ ਦਿੱਤਾ ਗਿਆ ਹੈ।

ਪਿਛਲੇ ਕੁਝ ਸਮੇਂ ਦੌਰਾਨ ਨਕਲੀ ਦਸਤਾਵੇਜ਼ਾਂ ਅਤੇ ਸ਼ੱਕੀ ਟੈਸਟ ਨਤੀਜਿਆਂ ਦੀਆਂ ਵਧਦੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਇਹ ਫ਼ੈਸਲਾ ਲਿਆ ਗਿਆ ਹੈ, ਤਾਂ ਜੋ ਸਿਰਫ਼ ਯੋਗ ਅਤੇ ਸੱਚੇ ਉਮੀਦਵਾਰ ਹੀ ਦੇਸ਼ ਵਿਚ ਦਾਖਲ ਹੋ ਸਕਣ।

23 ਜੂਨ 2026 ਨੂੰ ਆਨਲਾਈਨ ਜਾਰੀ ਕੀਤੀਆਂ ਗਈਆਂ ਨਵੀਂਆਂ ਹਦਾਇਤਾਂ ਮੁਤਾਬਕ ਹੁਣ ਇਮੀਗ੍ਰੇਸ਼ਨ ਅਧਿਕਾਰੀਆਂ ਲਈ ਭਾਸ਼ਾ ਟੈਸਟ ਦੇ ਨਤੀਜਿਆਂ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਵਾਸਤੇ ਅਰਜ਼ੀਕਾਰ ਦੀਆਂ ਤਸਵੀਰਾਂ ਦਾ 'ਕਰਾਸ-ਰੈਫਰੈਂਸ' (ਮਿਲਾਣ) ਕਰਨਾ ਲਾਜ਼ਮੀ ਕਰ ਦਿੱਤਾ ਗਿਆ ਹੈ।

ਇਸ ਦੇ ਨਾਲ ਹੀ ਅਧਿਕਾਰੀ ਟੈਸਟਿੰਗ ਕੇਂਦਰਾਂ ਵੱਲੋਂ ਜਾਰੀ ਚਿਤਾਵਨੀਆਂ, ਅੰਦਰੂਨੀ ਰਿਪੋਰਟਾਂ ਅਤੇ ਕੇਸ ਨੋਟਸ ਦੀ ਬਾਰੀਕੀ ਨਾਲ ਜਾਂਚ ਕਰਨਗੇ। ਪੁਰਾਣੀਆਂ ਹਦਾਇਤਾਂ ਵਿਚ ਇਸ ਤਰ੍ਹਾਂ ਦੀ ਕੋਈ ਵਿਸਥਾਰਤ ਤਸਦੀਕ ਪ੍ਰਕਿਰਿਆ ਨਹੀਂ ਸੀ। ਇਸ ਤੋਂ ਇਲਾਵਾ ਨਵੇਂ ਨਿਯਮਾਂ ਵਿਚ ਦੂਜੀ ਵਾਰ ਭਾਸ਼ਾ ਟੈਸਟ ਦੇਣ ਦੇ ਵਿਕਲਪ ਬਾਰੇ ਵੀ ਕੋਈ ਨਵਾਂ ਪ੍ਰਬੰਧ ਨਹੀਂ ਰੱਖਿਆ ਗਿਆ।




ਇਹ ਬਦਲਾਅ ਕੈਨੇਡੀਅਨ ਇਮੀਗ੍ਰੇਸ਼ਨ ਦੇ ਇਤਿਹਾਸ ਵਿਚ ਇੱਕ ਵੱਡਾ ਮੋੜ ਹੈ।

ਕੈਨੇਡਾ ਦੇ 'ਇਮੀਗ੍ਰੇਸ਼ਨ ਐਂਡ ਰਿਫ਼ਿਊਜੀ ਪ੍ਰੋਟੈਕਸ਼ਨ ਐਕਟ' (ਆਈ.ਆਰ.ਪੀ.ਏ.) ਮੁਤਾਬਕ ਕੈਨੇਡੀਅਨ ਸਮਾਜ ਵਿਚ ਸਫਲਤਾਪੂਰਵਕ ਵਿਚਰਨ ਲਈ ਭਾਸ਼ਾ ਦਾ ਗਿਆਨ ਹੋਣਾ ਬੇਹੱਦ ਜ਼ਰੂਰੀ ਹੈ। ਹੁਣ ਧੋਖਾਧੜੀ ਨੂੰ ਠੱਲ੍ਹ ਪਾਉਣ ਲਈ ਟੈਸਟ ਸੈਂਟਰਾਂ ਅਤੇ ਪ੍ਰੀਖਿਆ ਲੈਂਦੇ ਸਟਾਫ਼ (ਪ੍ਰੋਕਟਰਾਂ) 'ਤੇ ਤਿੱਖੀ ਨਜ਼ਰ ਰੱਖੀ ਜਾਵੇਗੀ।

ਬਿਨੈਕਾਰਾਂ ਨੂੰ ਆਪਣੇ ਨਤੀਜਿਆਂ ਦੇ ਪੱਖ ਵਿਚ ਵਾਧੂ ਦਸਤਾਵੇਜ਼ ਦੇਣੇ ਪੈਣਗੇ ਅਤੇ ਟੈਸਟ ਸਕੋਰਾਂ ਦਾ ਕਿਸੇ ਵੀ ਵੇਲੇ 'ਰੈਂਡਮ ਆਡਿਟ' (ਅਚਨਚੇਤ ਜਾਂਚ) ਕੀਤਾ ਜਾ ਸਕਦਾ ਹੈ। ਮੰਨਿਆ ਜਾ ਰਿਹਾ ਹੈ ਕਿ ਆਇਲੈਟਸ ਅਤੇ ਸੇਲਪਿਪ ਸਮੇਤ ਸਾਰੀਆਂ ਮਾਨਤਾ ਪ੍ਰਾਪਤ ਸੰਸਥਾਵਾਂ ਦੇ ਟੈਸਟ ਇਸ ਦੇ ਘੇਰੇ ਵਿਚ ਆਉਣਗੇ।

ਇਨ੍ਹਾਂ ਨਵੇਂ ਨਿਯਮਾਂ ਦਾ ਅਸਰ ਹਰ ਵਰਗ ਦੇ ਬਿਨੈਕਾਰਾਂ (ਸਕਿਲਡ ਵਰਕਰ, ਫੈਮਲੀ ਕਲਾਸ ਅਤੇ ਰਿਫ਼ਿਊਜੀ) 'ਤੇ ਪਵੇਗਾ। ਖ਼ਾਸਕਰ ਭਾਰਤ, ਚੀਨ ਅਤੇ ਫਿਲੀਪੀਨਜ਼ ਵਰਗੇ ਗੈਰ-ਅੰਗਰੇਜ਼ੀ ਭਾਸ਼ਾਈ ਦੇਸ਼ਾਂ ਤੋਂ ਆਉਣ ਵਾਲੇ ਉਮੀਦਵਾਰਾਂ 'ਤੇ ਇਸ ਦਾ ਸਭ ਤੋਂ ਵੱਧ ਪ੍ਰਭਾਵ ਦੇਖਣ ਨੂੰ ਮਿਲ ਸਕਦਾ ਹੈ, ਜਿਨ੍ਹਾਂ ਨੂੰ ਹੁਣ ਆਪਣੇ ਨਤੀਜੇ ਪੂਰੀ ਤਰ੍ਹਾਂ ਅਸਲੀ ਸਾਬਤ ਕਰਨੇ ਹੋਣਗੇ। ਜਿਹੜੇ ਉਮੀਦਵਾਰ ਪਹਿਲਾਂ ਹੀ ਆਪਣੀ ਅਰਜ਼ੀ ਜਮ੍ਹਾਂ ਕਰਵਾ ਚੁੱਕੇ ਹਨ, ਉਹ ਆਪਣੇ ਆਈ.ਆਰ.ਸੀ.ਸੀ. ਆਨਲਾਈਨ ਅਕਾਊਂਟ ਨੂੰ ਲਗਾਤਾਰ ਚੈੱਕ ਕਰਦੇ ਰਹਿਣ, ਤਾਂ ਜੋ ਮੰਗੇ ਜਾਣ 'ਤੇ ਵਾਧੂ ਦਸਤਾਵੇਜ਼ ਤੁਰੰਤ ਜਮ੍ਹਾਂ ਕਰਵਾਏ ਜਾ ਸਕਣ। ਨਵੀਂ ਫਾਈਲ ਲਗਾਉਣ ਵਾਲੇ ਬਿਨੈਕਾਰ ਵੀ ਨਵੀਂਆਂ ਸ਼ਰਤਾਂ ਮੁਤਾਬਕ ਪੂਰੀ ਤਿਆਰੀ ਰੱਖਣ। ਅਰਜ਼ੀ ਦੀ ਪ੍ਰਕਿਰਿਆ ਵਿਚ ਦੇਰੀ ਤੋਂ ਬਚਣ ਲਈ ਤੁਰੰਤ ਕਾਰਵਾਈ ਕਰਨ ਦੀ ਸਲਾਹ ਦਿੱਤੀ ਗਈ ਹੈ।

# ਅਮਰੀਕੀ ਡਿਜ਼ੀਟਲ ਕੰਪਨੀਆਂ 'ਤੇ ਟੈਕਸ ਲਾਉਣ 'ਤੇ ਯੂਰਪੀ ਦੇਸ਼ਾਂ 'ਤੇ ਲੱਗੇਗਾ 100 ਫ਼ੀਸਦੀ ਟੈਰਿਫ਼: ਟਰੰਪ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਯੂਰਪੀ ਦੇਸ਼ਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ ਕਿਸੇ ਵੀ ਦੇਸ਼ ਨੇ ਅਮਰੀਕੀ ਡਿਜ਼ੀਟਲ ਸੇਵਾ ਕੰਪਨੀਆਂ 'ਤੇ ਟੈਕਸ ਲਗਾਇਆ, ਤਾਂ ਉਸ ਦੇਸ਼ ਤੋਂ ਅਮਰੀਕਾ ਆਉਣ ਵਾਲੇ ਹਰ ਤਰ੍ਹਾਂ ਦੇ ਸਾਮਾਨ 'ਤੇ 100 ਫ਼ੀਸਦੀ ਟੈਰਿਫ਼ (ਦਰਾਮਦ ਟੈਕਸ) ਲਗਾਇਆ ਜਾਵੇਗਾ। ਟਰੰਪ ਨੇ ਸੋਸ਼ਲ ਮੀਡੀਆ 'ਤੇ ਕੀਤੀ ਇੱਕ ਪੋਸਟ ਵਿਚ ਯੂਰਪੀ ਦੇਸ਼ਾਂ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਉੱਥੇ ਅਮਰੀਕੀ ਕੰਪਨੀਆਂ 'ਤੇ ਡਿਜ਼ੀਟਲ ਸੇਵਾ ਟੈਕਸ ਲਾਗੂ ਕਰਨ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਜਾ



ਰਿਹਾ ਹੈ। ਉਨ੍ਹਾਂ ਲਿਖਿਆ ਕਿ ਇਸ ਨੂੰ ਅਧਿਕਾਰਤ ਚਿਤਾਵਨੀ ਮੰਨਿਆ ਜਾਵੇ। ਜੇਕਰ ਕੋਈ ਵੀ ਦੇਸ਼ ਅਜਿਹਾ ਟੈਕਸ ਲਾਗੂ ਕਰਦਾ ਹੈ, ਤਾਂ ਉਸ ਦੇਸ਼ ਤੋਂ ਅਮਰੀਕਾ ਭੇਜੇ ਜਾਣ ਵਾਲੇ ਹਰ ਤਰ੍ਹਾਂ ਦੇ ਸਾਮਾਨ 'ਤੇ ਤੁਰੰਤ 100 ਫ਼ੀਸਦੀ ਟੈਰਿਫ਼ ਲਗਾ ਦਿੱਤਾ ਜਾਵੇਗਾ। ਟਰੰਪ ਨੇ ਇਹ ਵੀ ਕਿਹਾ ਕਿ ਇਹ ਨਵਾਂ ਟੈਰਿਫ਼ ਪਹਿਲਾਂ ਹੋਏ ਕਿਸੇ ਵੀ ਵਪਾਰਕ ਸਮਝੌਤੇ ਤੋਂ ਉੱਪਰ ਹੋਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਕਾਰਵਾਈ ਕਿਸੇ ਵੀ ਅਜਿਹੇ ਦੇਸ਼ ਖ਼ਿਲਾਫ਼ ਕੀਤੀ ਜਾਵੇਗੀ, ਜੋ ਅਮਰੀਕੀ ਡਿਜ਼ੀਟਲ ਕੰਪਨੀਆਂ 'ਤੇ ਇਸ ਤਰ੍ਹਾਂ ਦਾ ਟੈਕਸ ਲਾਗੂ ਕਰੇਗਾ। ਹਾਲਾਂਕਿ ਉਨ੍ਹਾਂ ਨੇ ਆਪਣੀ ਪੋਸਟ ਵਿਚ ਖ਼ਾਸ ਤੌਰ 'ਤੇ ਯੂਰਪੀ ਦੇਸ਼ਾਂ ਦਾ ਹੀ ਜ਼ਿਕਰ ਕੀਤਾ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਪਿਆਰੀ ਯਾਦ ਵਿੱਚ



# ਕਰਤਾਰ ਸਿੰਘ ਬਾਸੀ

(1939-2026)

**ਗਹਿਰੇ ਦੁੱਖ ਨਾਲ ਅਸੀਂ ਆਪਣੇ ਪਿਆਰੇ ਪਰਿਵਾਰਕ ਮੈਂਬਰ ਦੇ ਦੇਹਾਂਤ ਦੀ ਸੂਚਨਾ ਦਿੰਦੇ ਹਾਂ।**

## ਅੰਤਿਮ ਸੰਸਕਾਰ ਦਾ ਸਥਾਨ

**Turlock Memorial Park and Funeral Home**

575 N. Soderquist Rd. Turlock, CA 95380

**28 ਜੂਨ 2026 | ਦੁਪਹਿਰ 12:00 ਵਜੇ ਤੋਂ 02:00 ਵਜੇ ਤੱਕ**

## ਅੰਤਮ ਅਰਦਾਸ

2:00 ਵਜੇ ਤੋਂ 4:00 ਵਜੇ ਤੱਕ

**ਗੁਰਦਵਾਰਾ ਸਾਹਿਬ ਮੁਡਿਸਟੋਂ-ਸੀਰਜ**

5743 E. Hatch Road Hughson, CA 95326



# Happy Birthday America!

## Complimentary Event For You and Your Family On Saturday The 4th Of July

### "Under the Moonlight Ice Cream Social" 7pm-10pm held at the Gurdwara on the Hill

***We will not be using any fireworks but if you bring your binoculars and keen eyesight you will see the displays far in the distance which light up the sky!***

All have been through such great challenges in the past years. We sincerely care about everyone and understand the sacrifices which have been made by families. We continue to have a fully outdoor event where you can walk under the moonlit stars with your family and friends. Admission and food are free. It is an event of joy and celebration of how wonderful you are and our strong and noble country called America is! If you can, come on up and have complementary ice cream or fresh fruit and connect under the moonlit sky with those of all races and cultures in our wonderful Bay Area! It is a night of building family for all. We also will be serving complementary vegetarian meals to-go at the Langar (kitchen area). – Kirpal Atwal, *Gurdwara Director*



We embrace the values of our American heritage strongly! Values of justice, liberty, equality and the caring about others are enshrined in the Constitution and also form the cornerstone of our Sikh beliefs. We are the Sikh Americans and very proud to be a part of the United States of America and of course the wonderful Evergreen community!




The San Jose Gurdwara is open for you to visit 365 days of the year.
It is located all the way up Quimby Road on the hillside.
The Sikh religion reaches out to the less fortunate and donations are always welcome. You can find information at our website below.
The address is 3636 Gurdwara Avenue, San Jose, CA 95148
Gurdwara contact: Kirpal Atwal (408) 835-7712 | Website: sanjosegurdwara.org



ONLY WAY TO GROW YOUR BUSINESS FASTER

BNG
(Business Network Gateway)

We work for you to
Boost Your Business

VIDEO ADVERTISEMENTS
We make professional video advertisements for your business in Punjabi, Hindi & English

POSTERS DESIGN
We design flyers, Posters and Post Cards to promote your business

BUSINESS CARD DESIGN
WE DESIGN YOUR BUSINESS CARD

SOCIAL MEDIA HANDLERS
We can manage your Business social media handlers Facebook, instagram & YouTube

24/7 TECH SUPPORT
We provide 24/7 tech support

For more information call
Boota Singh Basi +1 (209) 303-1260

# ਅਮਰੀਕਾ ਵਿਚ ਮਹਿੰਗਾਈ ਪਿਛਲੇ 3 ਸਾਲਾਂ ਦੌਰਾਨ ਸਭ ਤੋਂ ਉੱਚੇ ਪੱਧਰ 'ਤੇ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਵਣਜ ਵਿਭਾਗ ਵੱਲੋਂ ਵੀਰਵਾਰ ਨੂੰ ਜਾਰੀ ਕੀਤੇ ਗਏ ਮਈ ਦੇ ਅੰਕੜਿਆਂ ਅਨੁਸਾਰ ਗੈਸ ਦੀਆਂ ਵਧੀਆਂ ਕੀਮਤਾਂ ਨੇ ਸਾਲਾਨਾ ਮਹਿੰਗਾਈ ਦਰ ਨੂੰ ਪਿਛਲੇ ਤਿੰਨ ਸਾਲਾਂ ਵਿੱਚ ਸਭ ਤੋਂ ਉੱਚੇ ਪੱਧਰ 'ਤੇ ਪਹੁੰਚਾ ਦਿੱਤਾ ਹੈ। ਨਿੱਜੀ ਖਪਤ ਖਰਚ ਕੀਮਤ ਸੂਚਕ ਅੰਕ ਮਈ ਵਿੱਚ ਵੱਧ ਕੇ 4.1% ਹੋ ਗਿਆ ਹੈ ਜੋ ਅਪ੍ਰੈਲ ਵਿੱਚ 3.8% ਸੀ।

ਫੈਕਟਸੈੱਟ ਸਹਿਮਤੀ ਅਨੁਮਾਨਾਂ ਦੇ ਅਨੁਸਾਰ, ਮਹਿੰਗਾਈ ਦਰ ਵਿਚ ਵਾਧਾ ਅਰਥਸ਼ਾਸਤਰੀਆਂ ਦੀਆਂ ਉਮੀਦਾਂ ਦੇ ਅਨੁਸਾਰ ਹੀ ਹੈ। ਵੀਰਵਾਰ ਦਾ ਡੇਟਾ ਸੰਘੀ ਨੀਤੀ ਨਿਰਮਾਤਾਵਾਂ ਲਈ ਮਹੱਤਵਪੂਰਨ ਸਮੇਂ 'ਤੇ ਆਇਆ ਹੈ, ਜਿਨਾਂ ਨੇ ਅਸਥਿਰ ਮਹਿੰਗਾਈ ਬਾਰੇ ਚਿੰਤਾਵਾਂ ਦੇ ਵਿਚਕਾਰ ਵਿਆਜ ਦਰਾਂ ਵਿੱਚ ਕਟੌਤੀ ਦਾ ਸੰਕੇਤ ਦਿੱਤਾ ਹੈ। ਵਿੱਤੀ ਬਾਜ਼ਾਰ ਇਸ ਸਮੇਂ ਇਸ ਸਾਲ ਦੇ ਅੰਤ ਵਿੱਚ ਵਿਆਜ ਦਰ ਵਿੱਚ ਵਾਧੇ ਦੀ ਸੰਭਾਵਨਾ ਦਰਮਿਆਨ ਕੀਮਤ ਨਿਰਧਾਰਤ ਕਰ ਰਹੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੇਂਦਰੀ ਬੈਂਕ ਨੂੰ ਦਰਾਂ ਵਿੱਚ ਕਟੌਤੀ ਕਰਨ ਲਈ ਵਾਰ-ਵਾਰ ਜ਼ੋਰ ਦਿੱਤਾ ਹੈ ਅਤੇ ਹਾਲ ਹੀ ਵਿੱਚ ਇੱਕ ਨਵਾਂ ਫੈੱਡ ਚੇਅਰਮੈਨ ਨਿਯੁਕਤ ਕੀਤਾ ਹੈ ਜੋ ਉਸ ਦੀ ਸੋਚ ਨਾਲ ਵਧੇਰੇ ਮੇਲ ਖਾਂਦਾ ਹੈ ਪਰ ਉਮੀਦ ਨਾਲੋਂ ਮਜ਼ਬੂਤ ਮੁਦਰਾ ਸਫੀਤੀ ਚਿੰਤਾ ਦਾ ਕਾਰਨ ਹੈ। ਇਸ ਦੌਰਾਨ, ਖਰਚ ਅਤੇ ਆਮਦਨ ਪਿਛਲੇ ਮਹੀਨੇ ਅਰਥਸ਼ਾਸਤਰੀਆਂ ਦੇ ਅਨੁਮਾਨ ਨਾਲੋਂ ਤੇਜ਼ੀ ਨਾਲ ਵਧੇ ਹਨ। ਅਪ੍ਰੈਲ ਵਿੱਚ ਉਪਲਬੱਧ ਆਮਦਨ 0.7% ਤੱਕ ਵਧ ਗਈ, ਅਪ੍ਰੈਲ ਵਿੱਚ ਉਪਲਬੱਧ ਆਮਦਨ 0.3% ਵਧੀ ਤੇ ਖਰਚ ਵੀ 0.3% ਵਧਿਆ। ਇਸ ਦੇ ਨਾਲ ਹੀ ਖਪਤਕਾਰਾਂ ਦੁਆਰਾ ਗੈਸ 'ਤੇ ਜ਼ਿਆਦਾ ਖਰਚ ਕਰਨ ਕਾਰਨ ਕਈ ਮਹੀਨੇ ਘਟਣ ਤੋਂ ਬਾਅਦ ਮਈ ਵਿੱਚ ਨਿੱਜੀ ਬੱਚਤਾਂ ਵਿੱਚ ਥੋੜਾ ਵਾਧਾ ਹੋਇਆ ਹੈ। ਵਣਜ ਵਿਭਾਗ ਦੀ ਇੱਕ ਵੱਖਰੀ ਰਿਪੋਰਟ ਵਿੱਚ ਅਮਰੀਕੀ ਕੁੱਲ ਘਰੇਲੂ ਉਤਪਾਦ, ਜੋ ਕਿ ਅਰਥਵਿਵਸਥਾ ਵਿੱਚ ਪੈਦਾ ਹੋਣ ਵਾਲੀਆਂ ਸਾਰੀਆਂ ਵਸਤਾਂ ਅਤੇ ਸੇਵਾਵਾਂ ਦਾ ਮਾਪਦੰਡ ਹੈ, ਨੂੰ ਤੀਜੇ ਅਨੁਮਾਨ ਵਿੱਚ 1.6% ਤੋਂ ਵੱਧਾ ਕੇ 2.1% ਤੱਕ ਸੋਧਿਆ ਗਿਆ ਹੈ ਜੋ ਕਿ ਇੱਕ ਚੰਗਾ ਸੰਕੇਤ ਹੈ।

# ਅਮਰੀਕੀ ਸ਼ਰਣ ਧੋਖਾਧੜੀ ਮਾਮਲੇ ਵਿੱਚ ਭਾਰਤੀ ਮੂਲ ਦੇ ਵਕੀਲ ਨੂੰ ਢਾਈ ਲੱਖ ਡਾਲਰ ਤੋਂ ਵਧ ਜੁਰਮਾਨਾ ਸੰਭਵ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ



ਭਾਰਤੀ ਮੂਲ ਦੇ ਇੱਕ ਅਮਰੀਕੀ ਇਮੀਗ੍ਰੇਸ਼ਨ ਵਕੀਲ ਨੂੰ 255,000 ਡਾਲਰ ਤੋਂ ਵੱਧ ਦੇ ਪ੍ਰਸਤਾਵਿਤ ਸੰਘੀ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਅਧਿਕਾਰੀਆਂ ਨੇ ਉਸ 'ਤੇ ਭਾਰਤੀ ਨਾਗਰਿਕਾਂ ਵੱਲੋਂ ਸ਼ਰਣ ਨਾਲ ਸਬੰਧਤ ਧੋਖਾਧੜੀ ਦਸਤਾਵੇਜ਼ ਦਾਇਰ ਕਰਨ ਦਾ ਦੋਸ਼ ਲਗਾਇਆ ਹੈ। ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ( ਡੀ ਐਚ ਐਸ) ਨੇ ਕਿਹਾ ਹੈ ਕਿ ਹੋਮਲੈਂਡ ਸੁਰੱਖਿਆ ਜਾਂਚ ਵਿੱਚ ਕਥਿਤ ਤੌਰ 'ਤੇ ਧੋਖਾਧੜੀ ਦਸਤਾਵੇਜ਼ਾਂ ਵਾਲੇ 32 ਇਮੀਗ੍ਰੇਸ਼ਨ ਮਾਮਲਿਆਂ ਦੇ ਸਬੰਧ ਵਿੱਚ ਵਕੀਲ ਵਿਨੋਦ ਡੋਡਾਮਨੀ ਨੂੰ ਜੁਰਮਾਨਾ ਕਰਨ ਲਈ ਪੰਜ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ।

ਡੀ ਐਚ ਐਸ ਅਨੁਸਾਰ, ਡੋਡਾਮਨੀ ਦੁਆਰਾ ਜਮਾਂ ਕਰਵਾਈਆਂ ਗਈਆਂ ਕਈ ਸ਼ਰਣ ਅਰਜ਼ੀਆਂ ਵਿੱਚ ਇੱਕੋ ਜਿਹੇ ਜਾਂ ਲਗਭਗ ਇੱਕੋ ਜਿਹੇ ਤੱਥਾਂ ਵਾਲੇ ਖਾਤੇ ਅਤੇ ਸਬੰਧਤ ਵੇਰਵੇ ਸਨ। ਐਕਸ 'ਤੇ ਕਾਰਵਾਈ ਦਾ ਐਲਾਨ ਕਰਦੇ ਹੋਏ ਡੀ ਐਚ ਐਸ ਨੇ ਕਿਹਾ ਹੈ ਕਿ ਸਾਡੇ ਇਮੀਗ੍ਰੇਸ਼ਨ ਸਿਸਟਮ ਦੀ ਦੁਰਵਰਤੋਂ ਅਤੇ ਧੋਖਾਧੜੀ ਕਰਨ ਵਾਲੇ ਵਕੀਲਾਂ ਦੇ ਦਿਨ ਪੁੱਗ ਗਏ ਹਨ। ਵਿਭਾਗ ਨੇ ਕਿਹਾ ਹੈ ਕਿ ਇਹ ਪਹਿਲੀ ਵਾਰ ਹੈ ਜਦੋਂ ਉਸ ਨੇ ਧੋਖਾਧੜੀ ਵਾਲੇ ਸ਼ਰਣ ਦਾਅਵੇ ਦਾਇਰ ਕਰਨ ਦੇ ਦੋਸ਼ੀ ਵਕੀਲ ਕੋਲੋਂ ਵਿੱਤੀ ਜੁਰਮਾਨੇ ਦੀ ਮੰਗ ਕੀਤੀ ਹੈ।

ਡੋਡਾਮਨੀ ਭਾਰਤ ਵਿੱਚ ਪੈਦਾ ਹੋਇਆ ਸੀ ਅਤੇ ਬਾਅਦ ਵਿੱਚ ਜਰਮਨ ਨਾਗਰਿਕ ਬਣਿਆ। 2009 ਤੋਂ ਉਹ ਦੱਖਣੀ ਫਲੋਰੀਡਾ ਵਿੱਚ ਰਹਿ ਰਿਹਾ ਹੈ।

# ਅਮਰੀਕਾ ਨੇ ਈਰਾਨ 'ਤੇ ਫੇਰ ਕੀਤਾ ਹਮਲਾ ਮਿਜ਼ਾਈਲ-ਡਰੋਨ ਸਾਈਟਾਂ ਨੂੰ ਬਣਾਇਆ ਨਿਸ਼ਾਨਾ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਮੱਧ ਪੂਰਬ ਵਿੱਚ ਤਣਾਅ ਇੱਕ ਵਾਰ ਫਿਰ ਸਿਖਰ 'ਤੇ ਪਹੁੰਚ ਗਿਆ ਹੈ। ਹੋਰਮੁਜ਼ ਜਲਡਮਰੂ ਵਿੱਚ ਇੱਕ ਵਪਾਰੀ ਜਹਾਜ਼ 'ਤੇ ਡਰੋਨ ਹਮਲੇ ਤੋਂ ਬਾਅਦ, ਅਮਰੀਕਾ ਨੇ ਈਰਾਨ ਵਿਰੁੱਧ ਵੱਡੀ ਫੌਜੀ ਕਾਰਵਾਈ ਕੀਤੀ ਹੈ।

ਅਮਰੀਕੀ ਕੇਂਦਰੀ ਕਮਾਂਡ ਨੇ ਕਈ ਈਰਾਨੀ ਫੌਜੀ ਠਿਕਾਣਿਆਂ 'ਤੇ ਜਵਾਬੀ ਹਵਾਈ ਹਮਲੇ ਕਰਨ ਦਾ ਦਾਅਵਾ ਕੀਤਾ ਹੈ। ਅਮਰੀਕਾ ਨੇ ਇਹ ਹਮਲੇ ਮਿਜ਼ਾਈਲਾਂ ਅਤੇ ਡਰੋਨ ਠਿਕਾਣਿਆਂ 'ਤੇ ਕੀਤੇ। ਅਮਰੀਕਾ ਦਾ ਕਹਿਣਾ ਹੈ ਕਿ ਇਹ ਕਾਰਵਾਈ ਵਪਾਰੀ ਜਹਾਜ਼ 'ਤੇ ਹਮਲੇ ਦੇ ਜਵਾਬ ਵਿੱਚ ਕੀਤੀ ਗਈ ਹੈ।ਦੱਸ ਦਈਏ ਕਿ ਸ਼ਾਂਤੀ ਸਮਝੌਤੇ ਤੋਂ ਬਾਅਦ, ਅਮਰੀਕਾ ਅਤੇ ਈਰਾਨ ਵਿਚਕਾਰ ਇਸ ਸਮੇਂ ਸਵਿਟਜ਼ਰਲੈਂਡ ਵਿੱਚ ਸ਼ਾਂਤੀ ਪ੍ਰਸਤਾਵ 'ਤੇ ਗੱਲਬਾਤ ਚੱਲ ਰਹੀ ਹੈ। ਇਸ ਲਈ, ਇਸ ਹਮਲੇ ਤੋਂ ਬਾਅਦ ਸ਼ਾਂਤੀ ਵਾਰਤਾ 'ਤੇ ਅਸਰ ਪੈ ਸਕਦਾ ਹੈ।

ਇਹ ਹਮਲੇ ਉਸ ਸਮੇਂ ਹੋਏ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਕੇਤ ਦਿੱਤਾ ਸੀ ਕਿ ਵਾਸ਼ਿੰਗਟਨ ਹੋਰਮੁਜ਼ ਜਲਡਮਰੂ ਵਿੱਚ ਈਰਾਨ ਦੀਆਂ ਕਾਰਵਾਈਆਂ ਦਾ ਜਵਾਬ ਦੇਣ ਦੀ ਤਿਆਰੀ ਕਰ ਰਿਹਾ ਹੈ।ਈਰਾਨੀ ਫੌਜ ਨੇ ਕਿਹਾ, "ਕੁਝ ਘੰਟੇ ਪਹਿਲਾਂ, ਦੱਖਣੀ ਲੇਬਨਾਨ ਵਿੱਚ ਜੰਗਬੰਦੀ ਦੀ ਉਲੰਘਣਾ ਕਰਨ ਤੋਂ ਬਾਅਦ, ਅਮਰੀਕੀ ਸ਼ਾਸਨ ਨੇ, ਹਮੇਸ਼ਾ ਵਾਂਗ, ਇੱਕ ਵਾਰ ਫਿਰ ਆਪਣੇ ਵਾਅਦੇ ਤੋੜ ਦਿੱਤੇ। ਵੱਖ-ਵੱਖ ਬਹਾਨਿਆਂ ਹੇਠ, ਉਨ੍ਹਾਂ ਨੇ ਇਸਲਾਮੀ ਗਣਰਾਜ ਈਰਾਨ ਦੇ ਤੱਟ 'ਤੇ ਹੋਰਮੁਜ਼ ਜਲਡਮਰੂ ਵਿੱਚੋਂ ਇੱਕ ਅਣਅਧਿਕਾਰਤ ਰਸਤੇ ਵਿੱਚੋਂ ਲੰਘਣ ਵਾਲੇ ਇੱਕ ਮਨਮਾਨੇ ਜਹਾਜ਼ ਦੇ ਸਬੰਧ ਵਿੱਚ ਹਵਾਈ ਹਮਲੇ ਕੀਤੇ। ਇਸ ਹਮਲੇ ਦੇ ਜਵਾਬ ਵਿੱਚ, ਆਈਆਰਜੀਸੀ ਨੇਵੀ ਨੇ ਖੇਤਰ ਵਿੱਚ ਅਮਰੀਕੀ ਫੌਜੀ ਠਿਕਾਣਿਆਂ 'ਤੇ ਹਮਲਾ ਕੀਤਾ।ਫੌਜ ਨੇ ਕਿਹਾ, "ਇਸਲਾਮਾਬਾਦ ਸਮਝੌਤੇ ਦੇ ਆਰਟੀਕਲ 5 ਦੇ ਅਨੁਸਾਰ, ਈਰਾਨ ਨੂੰ ਹੋਰਮੁਜ਼ ਜਲਡਮਰੂ ਵਿੱਚੋਂ ਲੰਘਣ ਨੂੰ ਕੰਟਰੋਲ ਕਰਨ ਦਾ ਅਧਿਕਾਰ ਹੈ। ਹਾਲਾਂਕਿ, ਅਮਰੀਕਾ ਨੇ ਵੱਖ-ਵੱਖ ਧਿਰਾਂ ਨੂੰ ਭੜਕਾ ਕੇ ਇਸ ਸਮਝੌਤੇ ਦੀ ਉਲੰਘਣਾ ਕਰਨ ਦੀ ਕੋਸ਼ਿਸ਼ ਕੀਤੀ, ਅਤੇ ਇੱਕ ਜ਼ਰੂਰੀ ਜਵਾਬ ਦਿੱਤਾ ਗਿਆ ਸੀ ਅਤੇ ਦਿੱਤਾ ਜਾਂਦਾ ਰਹੇਗਾ। ਜੇਕਰ ਹਮਲਾ ਦੁਹਰਾਇਆ ਜਾਂਦਾ ਹੈ, ਤਾਂ ਸਾਡਾ ਜਵਾਬ ਹੋਰ ਵੀ ਗੰਭੀਰ ਅਤੇ ਖਤਰਨਾਕ ਹੋਵੇਗਾ।"

# ਅਮਰੀਕੀ ਰਾਸ਼ਟਰਪਤੀ ਅਗਲੇ ਸਾਲ ਕਰ ਸਕਦੇ ਨੇ ਭਾਰਤ ਦਾ ਦੌਰਾ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 2027 ਦੇ ਸ਼ੁਰੂ ਵਿੱਚ ਭਾਰਤ ਦਾ ਦੌਰਾ ਕਰ ਸਕਦੇ ਹਨ। ਨਿਊਜ਼ ਏਜੰਸੀ ਆਈਏਐਨਐਸ ਦੇ ਅਨੁਸਾਰ, ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਮੀਡੀਆ ਗੱਲਬਾਤ ਦੌਰਾਨ ਇਹ ਬਿਆਨ ਦਿੱਤਾ।ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਅਗਲੇ ਸਾਲ ਦੇ ਸ਼ੁਰੂ ਵਿੱਚ ਭਾਰਤ ਦਾ ਦੌਰਾ ਕਰਨਗੇ। ਇਸ ਦੇ ਨਾਲ ਹੀ ਮਾਰਕੋ ਰੂਬੀਓ ਨੇ ਕਿਹਾ ਕਿ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਬਹੁਤ ਜਲਦੀ ਅੰਤਿਮ ਰੂਪ ਦਿੱਤੇ ਜਾਣ ਦੀ ਉਮੀਦ ਹੈ। ਰੂਬੀਓ ਨੇ ਸਪੱਸ਼ਟ ਕੀਤਾ ਕਿ ਉਹ ਇਸ ਇਤਿਹਾਸਕ ਦੌਰੇ ਦੀਆਂ ਤਿਆਰੀਆਂ ਨੂੰ ਅੰਤਿਮ ਰੂਪ ਦੇਣ ਲਈ ਬਹੁਤ ਜਲਦੀ ਨਿੱਜੀ ਤੌਰ 'ਤੇ ਭਾਰਤ ਆ ਰਹੇ ਹਨ। ਅੱਗੇ ਰੂਬੀਓ ਨੇ ਕਿਹਾ, ਰਾਸ਼ਟਰਪਤੀ ਟਰੰਪ ਅਤੇ ਪ੍ਰਧਾਨ ਮੰਤਰੀ ਮੋਦੀ ਦੇ ਬਹੁਤ ਚੰਗੇ ਸਬੰਧ ਹਨ।ਦੱਸ ਦਈਏ ਕਿ ਇਹ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਦੂਜਾ ਭਾਰਤ ਦੌਰਾ ਹੋਵੇਗਾ। ਇਸ ਤੋਂ ਪਹਿਲਾਂ ਉਹ ਆਪਣੀ 2020 'ਚ ਪਹਿਲੀ ਯਾਤਰਾ ਦੌਰਾਨ ਅਹਿਮਦਾਬਾਦ ਆਏ ਸੀ।

Space available for Ad
Contact # +1 (209) 303-1260
Contact # +91 81463-20009




WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0 (Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ |
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


LIVE OAK PUNJABI HERITAGE ASSOCIATION
PRESENTS
MELA PUNJABANA DA
ਮੇਲਾ ਪੰਜਾਬਣਾਂ ਦਾ
DESIGN BY SUNNY KAMBOZ
GURLEJ AKHTAR
KULWINDER KALLY
SUNDAY, JUNE 28TH 2026
THE WALNUT HALL
1431 WALNUT AVE, YUBA CITY, CA 95993
TICKET PRICE
11:00AM TO 1:00PM - $10
2:00PM TO 6:00PM - $20
GIDHA, BHANGRA, FOLK SONGS, COMEDY, DELICIOUS FOOD, BOUTIQUES, MEHNDI, DESI KULFI AND MANY MORE.
TIME: 11AM TO 7PM
FOR MORE INFORMATION & SPONSORSHIP CONTACT
JASMINDER MATTU 530-301-9258
JAY PEGANY 530-218-9095

# ਬੀਜਿੰਗ ਦੀ 109 ਮੰਜ਼ਿਲਾ ਇਮਾਰਤ ਨਾਲ ਛੋਟਾ ਜਹਾਜ਼ ਟਕਰਾਇਆ, ਮਚੀ ਹੜਕੰਪ

ਬੀਜਿੰਗ
ਸਾਂਝੀ ਸੋਚ ਬਿਊਰੋ

ਚੀਨ ਦੀ ਰਾਜਧਾਨੀ ਬੀਜਿੰਗ ਵਿੱਚ ਇੱਕ ਹੈਰਾਨ ਕਰਨ ਵਾਲੀ ਘਟਨਾ ਵਾਪਰੀ, ਜਦੋਂ ਇੱਕ ਛੋਟਾ ਹਲਕਾ ਜਹਾਜ਼ ਸ਼ਹਿਰ ਦੀ ਸਭ ਤੋਂ ਉੱਚੀਆਂ ਇਮਾਰਤਾਂ ਵਿੱਚੋਂ ਇੱਕ, ਛੀਠੀਛ ਟਾਵਰ (ਜਿਸਨੂੰ ਛਹਿਨਓ ਗ਼ੁਨ ਵੀ ਕਿਹਾ ਜਾਂਦਾ ਹੈ), ਨਾਲ ਜਾ ਟਕਰਾਇਆ। ਇਹ ਇਮਾਰਤ 109 ਮੰਜ਼ਿਲਾਂ ਉੱਚੀ ਅਤੇ ਲਗਭਗ 528 ਮੀਟਰ (1,732 ਫੁੱਟ) ਉੱਚੀ ਹੈ।ਮੁੱਢਲੀਆਂ ਰਿਪੋਰਟਾਂ ਅਨੁਸਾਰ ਇਹ ਹਾਦਸਾ ਸਥਾਨਕ ਸਮੇਂ ਅਨੁਸਾਰ ਸ਼ਾਮ ਕਰੀਬ 6 ਵਜੇ ਹੋਇਆ। ਛੋਟਾ ਜਹਾਜ਼ ਅਚਾਨਕ ਆਪਣੇ ਨਿਰਧਾਰਤ ਰੂਟ ਤੋਂ ਭਟਕ ਗਿਆ ਅਤੇ ਇਮਾਰਤ ਦੇ ਉੱਪਰਲੇ ਹਿੱਸੇ ਨਾਲ ਟਕਰਾ ਗਿਆ। ਟੱਕਰ ਕਾਰਨ ਇਮਾਰਤ ਦੇ ਸ਼ੀਸ਼ੇ ਦੇ ਦੋ ਵੱਡੇ ਪੈਨਲ ਟੁੱਟ ਗਏ ਅਤੇ ਜਹਾਜ਼ ਦੇ ਕੁਝ ਟੁਕੜੇ ਹੇਠਾਂ ਸੜਕ 'ਤੇ ਡਿੱਗ ਪਏ।ਹਾਦਸੇ ਤੋਂ ਤੁਰੰਤ ਬਾਅਦ ਇਮਾਰਤ ਨੂੰ ਖਾਲੀ ਕਰਵਾ ਲਿਆ ਗਿਆ। ਪੁਲਿਸ, ਫਾਇਰ ਬ੍ਰਿਗੇਡ ਅਤੇ ਐਂਬੂਲੈਂਸਾਂ ਮੌਕੇ 'ਤੇ ਪਹੁੰਚ



ਗਈਆਂ ਅਤੇ ਆਲੇ-ਦੁਆਲੇ ਦੀਆਂ ਸੜਕਾਂ ਨੂੰ ਬੰਦ ਕਰ ਦਿੱਤਾ ਗਿਆ। ਚਸ਼ਮਦੀਦਾਂ ਨੇ ਦੱਸਿਆ ਕਿ ਟੱਕਰ ਦੀ ਆਵਾਜ਼ ਪਟਾਕਿਆਂ ਨਾਲੋਂ ਵੀ ਜ਼ਿਆਦਾ ਤੇਜ਼ ਸੀ ਅਤੇ ਕੁਝ ਸਮੇਂ ਲਈ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ।ਫਿਲਹਾਲ ਚੀਨੀ ਅਧਿਕਾਰੀਆਂ ਵੱਲੋਂ ਕਿਸੇ ਮੌਤ ਜਾਂ ਜ਼ਖ਼ਮੀ ਹੋਣ ਦੀ ਅਧਿਕਾਰਕ ਪੁਸ਼ਟੀ ਨਹੀਂ ਕੀਤੀ ਗਈ। ਜਹਾਜ਼ ਦੇ ਪਾਇਲਟ ਦੀ ਹਾਲਤ ਬਾਰੇ ਵੀ ਸ਼ੁਰੂਆਤੀ ਰਿਪੋਰਟਾਂ ਵਿੱਚ ਸਪੱਸ਼ਟ ਜਾਣਕਾਰੀ ਨਹੀਂ ਦਿੱਤੀ ਗਈ। ਹਾਦਸੇ ਦੇ ਕਾਰਨਾਂ ਦੀ ਜਾਂਚ ਜਾਰੀ ਹੈ ਅਤੇ ਅਧਿਕਾਰੀਆਂ ਨੇ ਅਜੇ ਤੱਕ ਇਸ ਬਾਰੇ ਵਿਸਥਾਰਪੂਰਵਕ ਬਿਆਨ ਜਾਰੀ ਨਹੀਂ ਕੀਤਾ।ਇਹ ਘਟਨਾ ਇਸ ਲਈ ਵੀ ਖਾਸ ਮੰਨੀ ਜਾ ਰਹੀ ਹੈ ਕਿਉਂਕਿ ਬੀਜਿੰਗ ਦਾ ਹਵਾਈ ਖੇਤਰ ਦੁਨੀਆ ਦੇ ਸਭ ਤੋਂ ਸਖ਼ਤ ਨਿਯੰਤਰਿਤ ਹਵਾਈ ਖੇਤਰਾਂ ਵਿੱਚੋਂ ਇੱਕ ਹੈ। ਇਸ ਕਾਰਨ ਇੱਕ ਛੋਟੇ ਜਹਾਜ਼ ਦਾ ਸ਼ਹਿਰ ਦੇ ਕੇਂਦਰੀ ਕਾਰੋਬਾਰੀ ਇਲਾਕੇ ਵਿੱਚ ਸਥਿਤ ਇਸ ਉੱਚੀ ਇਮਾਰਤ ਨਾਲ ਟਕਰਾ ਜਾਣਾ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਕਈ ਸਵਾਲ ਖੜ੍ਹੇ ਕਰ ਰਿਹਾ ਹੈ।

# ਕੈਨੇਡਾ ਸਰਕਾਰ ਵੱਲੋਂ 70% ਤੋਂ ਵੱਧ ਵੀਜ਼ਾ ਅਰਜ਼ੀਆਂ ਰੱਦ!

## 'ਫੀਫਾ ਵੀਜ਼ਾ' ਦੇ ਨਾਂ 'ਤੇ ਹੋ ਰਹੀ ਠੱਗੀ ਤੋਂ ਬਚਣ ਦੀ ਸਲਾਹ

ਓਟਵਾ
ਸਾਂਝੀ ਸੋਚ ਬਿਊਰੋ

ਕੈਨੇਡਾ ਵਿਚ ਚੱਲ ਰਹੇ ਫੀਫਾ ਵਿਸ਼ਵ ਕੱਪ ਦੇ ਮੈਚ ਦੇਖਣ ਦੇ ਬਹਾਨੇ ਉੱਥੇ ਜਾਣ ਦੀ ਇੱਛਾ ਰੱਖਣ ਵਾਲੇ ਭਾਰਤੀਆਂ ਖਾਸ ਕਰ ਕੇ ਪੰਜਾਬੀ ਲੋਕਾਂ ਲਈ ਨਿਰਾਸ਼ਾਜਨਕ ਖ਼ਬਰ ਹੈ। ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ (ਆਈ.ਆਰ.ਸੀ.ਸੀ.) ਦੇ ਅੰਕੜਿਆਂ ਅਨੁਸਾਰ ਵਿਸ਼ਵ ਕੱਪ ਦੇ ਨਾਂ 'ਤੇ ਵੀਜ਼ਾ ਅਪਲਾਈ ਕਰਨ ਵਾਲੇ 70 ਫੀਸਦੀ ਤੋਂ ਵੱਧ ਭਾਰਤੀਆਂ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ।

ਰਿਪੋਰਟਾਂ ਅਨੁਸਾਰ ਕੈਨੇਡਾ ਸਰਕਾਰ ਨੇ ਫੁੱਟਬਾਲ ਟੂਰਨਾਮੈਂਟ ਲਈ ਲਗਭਗ 17,000 ਸੈਲਾਨੀ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਕੀਤੀ, ਜਿਨ੍ਹਾਂ ਵਿਚੋਂ ਸਿਰਫ਼ 41 ਫੀਸਦੀ ਨੂੰ ਹੀ ਮਨਜ਼ੂਰੀ ਮਿਲੀ। ਅਰਜ਼ੀਆਂ ਦੇ ਮਾਮਲੇ ਵਿਚ ਭਾਰਤੀ ਚੌਥੇ ਨੰਬਰ 'ਤੇ ਸਨ। ਕੁੱਲ 1,225 ਭਾਰਤੀਆਂ ਨੇ ਅਪਲਾਈ ਕੀਤਾ ਸੀ, ਪਰ ਇਨ੍ਹਾਂ ਵਿਚੋਂ ਸਿਰਫ਼ 355 (ਕਰੀਬ 29%) ਦੇ ਹੀ ਵੀਜ਼ੇ ਲੱਗੇ ਹਨ।

ਵੀਜ਼ਾ ਰੱਦ ਹੋਣ ਦੀ ਦਰ ਸਿਰਫ਼ ਭਾਰਤ ਲਈ ਹੀ ਨਹੀਂ, ਸਗੋਂ ਹੋਰਨਾਂ ਦੇਸ਼ਾਂ ਲਈ ਵੀ ਕਾਫੀ ਉੱਚੀ ਰਹੀ ਹੈ। ਪਾਕਿਸਤਾਨ ਤੋਂ ਆਈਆਂ 1,250 ਅਰਜ਼ੀਆਂ ਵਿਚੋਂ 9 ਫੀਸਦੀ ਤੋਂ ਵੀ ਘੱਟ (ਸਿਰਫ਼ 102) ਮਨਜ਼ੂਰ



ਹੋਈਆਂ। ਘਾਨਾ ਦੇ ਹਾਲਾਤ ਸਭ ਤੋਂ ਖ਼ਰਾਬ ਰਹੇ, ਜਿੱਥੇ 1,725 ਅਰਜ਼ੀਆਂ ਵਿਚੋਂ 11 ਫੀਸਦੀ ਤੋਂ ਵੀ ਘੱਟ ਨੂੰ ਹਰੀ ਝੰਡੀ ਮਿਲੀ। ਦੂਜੇ ਪਾਸੇ, ਕੋਲੰਬੀਆ ਦੇ ਲੋਕਾਂ 'ਤੇ ਕੈਨੇਡਾ ਕਾਫੀ ਮਿਹਰਬਾਨ ਰਿਹਾ ਅਤੇ ਉੱਥੋਂ ਦੀਆਂ 70 ਫੀਸਦੀ ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ।

ਕੈਨੇਡਾ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਫੀਫਾ ਵਿਸ਼ਵ ਕੱਪ ਲਈ ਕੋਈ ਵਿਸ਼ੇਸ਼ 'ਫੀਫਾ ਵੀਜ਼ਾ' ਨਹੀਂ ਹੈ, ਜੋ ਕਿਸੇ ਨੂੰ ਉੱਥੇ ਕੰਮ ਕਰਨ ਜਾਂ ਪੱਕੇ ਤੌਰ 'ਤੇ ਵਸਣ ਦੀ ਇਜਾਜ਼ਤ ਦਿੰਦਾ ਹੋਵੇ। ਸੋਸ਼ਲ ਮੀਡੀਆ 'ਤੇ ਅਜਿਹੀਆਂ ਕਈ ਵੀਡੀਓਜ਼ ਵਾਇਰਲ ਹੋ ਰਹੀਆਂ ਹਨ, ਜੋ ਗਲਤ ਦਾਅਵਾ ਕਰਦੀਆਂ ਹਨ ਕਿ ਵਿਸ਼ਵ ਕੱਪ ਦਾ ਵੀਜ਼ਾ ਕੈਨੇਡਾ ਵਿਚ ਸੈਟਲ ਹੋਣ ਦਾ ਸੌਖਾ ਰਸਤਾ ਹੈ। ਇਮੀਗ੍ਰੇਸ਼ਨ ਵਿਭਾਗ ਨੇ ਚੇਤਾਵਨੀ ਦਿੱਤੀ ਹੈ ਕਿ ਲੋਕ ਕਿਸੇ ਤੀਜੀ ਧਿਰ ਜਾਂ ਏਜੰਟ ਰਾਹੀਂ ਅਪਲਾਈ ਕਰਨ ਦੀ ਬਜਾਏ ਅਧਿਕਾਰਤ ਵੈੱਬਸਾਈਟ ਦੀ ਵਰਤੋਂ ਕਰਨ। ਏਜੰਟਾਂ ਵੱਲੋਂ ਦਿੱਤੇ ਜਾ ਰਹੇ ਝੂਠੇ ਭਰੋਸਿਆਂ ਅਤੇ ਜਾਅਲੀ ਦਸਤਾਵੇਜ਼ਾਂ ਕਾਰਨ ਬਿਨੈਕਾਰਾਂ ਨੂੰ 5 ਸਾਲ ਤੱਕ ਦੀ ਪਾਬੰਦੀ (ਬੈਨ) ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਚਿੰਤਾਜਨਕ ਗੱਲ ਇਹ ਹੈ ਕਿ ਚੰਡੀਗੜ੍ਹ ਦੇ ਕੁਝ ਇਮੀਗ੍ਰੇਸ਼ਨ ਏਜੰਟ ਇੰਸਟਾਗ੍ਰਾਮ 'ਤੇ ਪੰਜਾਬੀ ਵਿੱਚ ਪੋਸਟਾਂ ਪਾ ਕੇ ਇਸ ਨੂੰ 'ਕੈਨੇਡਾ ਵਿਚ ਪੱਕੇ ਤੌਰ 'ਤੇ ਵਸਣ ਦਾ ਸੁਨਹਿਰੀ ਮੌਕਾ' ਦੱਸ ਰਹੇ ਹਨ। ਸਰਕਾਰ ਨੇ ਸਾਫ਼ ਕਿਹਾ ਹੈ ਕਿ ਵਿਸ਼ਵ ਕੱਪ ਦੇਖਣ ਆਉਣ ਵਾਲੇ ਲੋਕਾਂ ਨੂੰ ਆਪਣੀ ਨਿਰਧਾਰਿਤ ਮਿਆਦ ਖ਼ਤਮ ਹੋਣ 'ਤੇ ਦੇਸ਼ ਛੱਡਣਾ ਪਵੇਗਾ।

# ਦਵਾਈਆਂ ਦੀ ਲਗਾਤਾਰ ਘਾਟ ਕੈਨੇਡਾ 'ਚ ਇੱਕ ਗੰਭੀਰ ਚੁਣੌਤੀ ਬਣੀ

ਓਟਵਾ
ਸਾਂਝੀ ਸੋਚ ਬਿਊਰੋ

ਕੈਨੇਡਾ ਵਰਗੇ ਵਿਕਸਤ ਦੇਸ਼ ਦੀ ਸਿਹਤ ਪ੍ਰਣਾਲੀ ਨੂੰ ਆਲਮੀ ਪੱਧਰ 'ਤੇ ਉੱਚ ਮਿਆਰ ਵਾਲੀ ਮੰਨਿਆ ਜਾਂਦਾ ਹੈ, ਪਰ ਪਿਛਲੇ ਕੁਝ ਸਾਲਾਂ ਤੋਂ ਦਵਾਈਆਂ ਦੀ ਲਗਾਤਾਰ ਘਾਟ ਇੱਕ ਗੰਭੀਰ ਚੁਣੌਤੀ ਬਣ ਕੇ ਸਾਹਮਣੇ ਆਈ ਹੈ। ਕੈਂਸਰ, ਦਿਲ ਦੇ ਰੋਗਾਂ, ਇਨਫੈਕਸ਼ਨ ਅਤੇ ਬੱਚਿਆਂ ਦੇ ਬੁਖ਼ਾਰ ਤੇ ਖੰਘ ਲਈ ਵਰਤੀਆਂ ਜਾਣ ਵਾਲੀਆਂ ਆਮ ਦਵਾਈਆਂ ਤੱਕ ਦੀ ਕਮੀ ਕਾਰਨ ਹਸਪਤਾਲਾਂ ਅਤੇ ਫਾਰਮੇਸੀਆਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਦਾ ਸਿੱਧਾ ਅਸਰ ਮਰੀਜ਼ਾਂ ਦੇ ਇਲਾਜ ਅਤੇ ਜਾਨ-ਮਾਲ 'ਤੇ ਪੈ ਰਿਹਾ ਹੈ।ਮਾਹਰਾਂ ਅਨੁਸਾਰ ਇਸ ਸੰਕਟ ਦੇ ਪਿੱਛੇ ਕਈ ਸੰਗਠਨਾਤਮਕ ਅਤੇ ਵਿੱਤੀ ਕਾਰਨ ਹਨ। ਕੈਨੇਡਾ ਤਿਆਰ ਦਵਾਈਆਂ ਅਤੇ ਉਨ੍ਹਾਂ ਦੇ ਨਿਰਮਾਣ ਲਈ ਲੋੜੀਂਦੇ ਕੱਚੇ ਮਾਲ (ਐਕਟਿਵ ਫਾਰਮਾਸਿਊਟੀਕਲ ਇੰਗ੍ਰੀਡੀਐਂਟਸ - ਏ.ਪੀ.ਆਈ.) ਲਈ ਵੱਡੇ ਪੱਧਰ 'ਤੇ ਭਾਰਤ ਅਤੇ ਚੀਨ ਵਰਗੇ ਦੇਸ਼ਾਂ 'ਤੇ ਨਿਰਭਰ ਕਰਦਾ ਹੈ। ਜੇਕਰ ਇਨ੍ਹਾਂ ਦੇਸ਼ਾਂ ਵਿਚ ਉਤਪਾਦਨ ਜਾਂ ਸਪਲਾਈ ਲੜੀ ਵਿਚ ਕਿਸੇ ਤਰ੍ਹਾਂ ਦੀ ਰੁਕਾਵਟ ਆਉਂਦੀ ਹੈ, ਤਾਂ ਇਸ ਦਾ ਸਿੱਧਾ ਅਸਰ ਕੈਨੇਡਾ ਵਿਚ ਦਵਾਈਆਂ ਦੀ ਉਪਲਬਧਤਾ 'ਤੇ ਪੈਂਦਾ ਹੈ। ਇਸ ਤੋਂ ਇਲਾਵਾ, ਸਖ਼ਤ ਨਿਯਮਾਂ ਅਤੇ ਗੁਣਵੱਤਾ ਜਾਂਚ ਦੀ ਲੰਮੀ ਪ੍ਰਕਿਰਿਆ ਕਾਰਨ ਨਵੀਆਂ ਦਵਾਈਆਂ ਨੂੰ ਬਾਜ਼ਾਰ ਤੱਕ ਪਹੁੰਚਣ ਵਿਚ ਕਾਫ਼ੀ ਸਮਾਂ ਲੱਗ ਜਾਂਦਾ ਹੈ।

ਕੀਮਤਾਂ 'ਤੇ ਸਰਕਾਰੀ ਨਿਯੰਤਰਣ ਵੀ ਇੱਕ ਮਹੱਤਵਪੂਰਨ ਕਾਰਨ ਮੰਨਿਆ ਜਾ ਰਿਹਾ ਹੈ। ਘੱਟ ਮੁਨਾਫ਼ੇ ਕਾਰਨ ਕਈ ਦਵਾਈ ਨਿਰਮਾਤਾ ਕੰਪਨੀਆਂ ਆਪਣੀ ਸਪਲਾਈ ਉਨ੍ਹਾਂ ਦੇਸ਼ਾਂ ਵੱਲ ਮੋੜ ਦਿੰਦੀਆਂ ਹਨ, ਜਿੱਥੇ ਉਨ੍ਹਾਂ ਨੂੰ ਵਧੀਆ ਕੀਮਤ ਮਿਲਦੀ ਹੈ। ਕੈਨੇਡਾ ਦਾ ਬਾਜ਼ਾਰ ਛੋਟਾ ਹੋਣ ਕਰਕੇ ਵੀ ਬਹੁ-ਕੌਮੀ ਕੰਪਨੀਆਂ ਵੱਡੇ ਮੁਲਕਾਂ ਨੂੰ ਪਹਿਲ ਦਿੰਦੀਆਂ ਹਨ। 'ਪੇਟੈਂਟ ਮੈਡੀਸਨ ਪ੍ਰਾਈਸ ਰਿਵਿਊ ਬੋਰਡ' (ਪੀ.ਐੱਮ.ਪੀ.ਆਰ.ਬੀ.) ਦੇ ਸਖ਼ਤ ਨਿਯਮਾਂ ਕਾਰਨ ਨਵੀਨਤਾਕਾਰੀ ਦਵਾਈਆਂ ਕੈਨੇਡਾ ਵਿਚ ਦੇਰੀ ਨਾਲ ਆਉਂਦੀਆਂ ਹਨ।

ਦਵਾਈਆਂ ਦੀ ਇਸ ਕਿੱਲਤ ਦਾ ਸਭ ਤੋਂ ਵੱਧ ਅਸਰ ਬਜ਼ੁਰਗਾਂ, ਬੱਚਿਆਂ ਅਤੇ ਸ਼ੂਗਰ, ਬਲੱਡ ਪ੍ਰੈਸ਼ਰ ਤੇ ਦਿਲ ਦੀਆਂ ਬਿਮਾਰੀਆਂ ਨਾਲ ਜੂਝ ਰਹੇ ਮਰੀਜ਼ਾਂ 'ਤੇ ਪੈ ਰਿਹਾ ਹੈ। ਪੰਜਾਬੀ ਭਾਈਚਾਰੇ ਵਿਚ ਵੀ ਵੱਡੀ ਗਿਣਤੀ ਅਜਿਹੇ ਮਰੀਜ਼ਾਂ ਦੀ ਹੈ, ਜੋ ਰੋਜ਼ਾਨਾ ਦਵਾਈਆਂ 'ਤੇ ਨਿਰਭਰ ਹਨ। ਜਦੋਂ ਕਿਸੇ ਮੁੱਖ ਦਵਾਈ ਦੀ ਘਾਟ ਹੁੰਦੀ ਹੈ, ਤਾਂ ਫਾਰਮਾਸਿਸਟਾਂ 'ਤੇ ਬਦਲ ਲੱਭਣ ਅਤੇ ਡਾਕਟਰਾਂ ਤੋਂ ਨਵੇਂ ਨੁਸਖ਼ੇ ਲੈਣ ਦਾ



ਬੋਝ ਵਧ ਜਾਂਦਾ ਹੈ। ਕਈ ਵਾਰ ਫਾਰਮਾਸਿਸਟਾਂ ਨੂੰ ਬਦਲਵੀਂ ਦਵਾਈ ਦੇਣੀ ਪੈਂਦੀ ਹੈ, ਜਿਸ ਨਾਲ ਖ਼ੁਰਾਕ ਵਿਚ ਤਬਦੀਲੀ ਅਤੇ ਸਾਈਡ ਇਫ਼ੈਕਟਸ (ਦੁਸ਼ਪ੍ਰਭਾਵਾਂ) ਦਾ ਖ਼ਤਰਾ ਵੱਧ ਜਾਂਦਾ ਹੈ। ਇੱਥੋਂ ਤੱਕ ਕਿ ਕਈ ਵਾਰ ਮਰੀਜ਼ਾਂ ਨੂੰ ਆਪਣੀਆਂ ਸਰਜਰੀਆਂ ਜਾਂ ਜ਼ਰੂਰੀ ਇਲਾਜ ਵੀ ਟਾਲਣੇ ਪੈਂਦੇ ਹਨ।

ਸਥਿਤੀ ਨਾਲ ਨਜਿੱਠਣ ਲਈ ਫੈਡਰਲ (ਕੇਂਦਰੀ) ਅਤੇ ਸੂਬਾਈ ਸਰਕਾਰਾਂ ਨੇ ਕੁਝ ਅਹਿਮ ਕਦਮ ਚੁੱਕੇ ਹਨ। ਜ਼ਰੂਰੀ ਦਵਾਈਆਂ ਦੀ ਘਾਟ ਹੋਣ 'ਤੇ ਅਮਰੀਕਾ ਅਤੇ ਯੂਰਪ ਤੋਂ ਵਿਸ਼ੇਸ਼ ਆਗਿਆ ਤਹਿਤ ਦਵਾਈਆਂ ਮੰਗਵਾਈਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ, ਦੇਸ਼ ਅੰਦਰ ਦਵਾਈ ਨਿਰਮਾਣ ਸਮਰੱਥਾ ਨੂੰ ਮਜ਼ਬੂਤ ਕਰਨ ਲਈ ਨਿਵੇਸ਼ ਵੀ ਕੀਤਾ ਜਾ ਰਿਹਾ ਹੈ, ਤਾਂ ਜੋ ਵਿਦੇਸ਼ੀ ਸਪਲਾਈ 'ਤੇ ਨਿਰਭਰਤਾ ਨੂੰ ਘਟਾਇਆ ਜਾ ਸਕੇ।





## ਗੁਰਦੁਆਰਾ ਸਾਹਿਬ ਸੈਨ ਹੋਜ਼ੇ

# ਜੂਨ 2026 ਦੇ ਵਿਸ਼ੇਸ਼ ਧਾਰਮਿਕ ਸਮਾਗਮ

**JUNE 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਕਰਵਾਇਆ ਜਾ ਰਿਹਾ ਵਿਸ਼ਾਲ ਗੁਰਮਿਤ ਸਮਾਗਮ**




ਜੂਨ 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ
1 ਜੂਨ ਤੋਂ 7 ਜੂਨ 2026 ਵਿਸ਼ੇਸ਼ ਕਥਾ ਅਤੇ ਗੁਰਬਾਣੀ ਕੀਰਤਨ ਸਮਾਗਮ




ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਜੀ
ਦਾ ਜਨਮ ਦਿਹਾੜਾ 2 ਜੂਨ 2026




4th Annual Sikh Heritage Night
18 ਜੂਨ 2026 | ਸ਼ਾਮ 6:30 ਵਜੇ




ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ
ਸ਼ਹਾਦਤ ਨੂੰ ਸਮਰਪਿਤ ਸੰਗਤ ਰੂਪੀ ਸੁਖਮਨੀ ਸਾਹਿਬ ਪਾਠ

16 ਜੂਨ ਤੋਂ 20 ਜੂਨ ਸ਼ਾਮ 7:30 ਤੋਂ 8:45 ਵਜੇ ਤੱਕ
ਸ਼ਹੀਦੀ ਕਾਨਫਰੰਸ 21 ਜੂਨ 2026 (ਐਤਵਾਰ)




28 ਜੂਨ ਨੂੰ ਭਾਈ ਸਾਹਿਬ
Dr. Alankar Singh ਜੀ ਵਲੋਂ
ਸਵੇਰੇ 11:20 ਤੋਂ ਦੁਪਹਿਰ 12:20 ਵਜੇ ਤੱਕ
ਗੁਰਬਾਣੀ ਕੀਰਤਨ ਕੀਤਾ ਜਾਵੇਗਾ |




ਲੜਕੇ ਅਤੇ ਲੜਕੀਆਂ ਲਈ
Basketball Camp 2026
27 ਮਈ ਤੋਂ 18 ਜੁਲਾਈ ਤੱਕ

**ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਆਹ ਪੁਰਬ ਨੂੰ ਸਮਰਪਿਤ**
**26 ਜੂਨ ਤੋਂ 28 ਜੂਨ 2026 ਸਾਲਾਨਾ ਜੋੜ ਮੇਲਾ**




**Address : 3636 Gurdwara Ave, San Jose, CA, 95148 | www.sanjosegurdwara.com | (408) 274-9373**

# TAKE CONTROL OF YOUR HEALTH!

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


SAN MARCO TEEYAN BAY POINT
PROUDLY PRESENTS ( NON PROFIT)
9TH ANNUAL WOMEN'S FESTIWAL
FETURING : GIDHA, DANCE, SKITS, SONGS, LIVE DJ AND MUCH MORE
San Marco Teeyan
ON SUNDAY JULY 12TH 2026
AMBROSE COMMUNITY CENTER 12 PM TO 6 PM
3105 WILLOW PASS RD , BAY POINT CA 94565
Host
PREETO SAWHNEY
JEWELRY AND CLOTHING STALLS
RAFFLE DRAWING FOR GOLD ITEMS AND MORE PRIZES
Free Entry
Free Parking
PHOTO & VIDEOGRAPHY BY
PAL FILMS PRODUCTION
341 356 1517
GRAND SPONSOR
CHINNA JEWELERS
FOR MORE INFO & PARTICIPATION CALL
SONIA WALIA 925-565-6058
PARAMJIT NOKWAL 925-323-2523
HARPREET SUTTI 925-464-3414
FOOD BY
DOSA PLACE

# ਲਾਠੀਆਂ ਦਾ ਸਾਇਆ ਆਖ਼ਰ ਕਿਉਂ?



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

ਲੋਕਤੰਤਰ ਦੀ ਅਸਲ ਤਾਕਤ ਲੋਕਾਂ ਦੀ ਆਵਾਜ਼ ਨੂੰ ਸੁਣਨ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਦਾ ਹੱਲ ਲੱਭਣ ਵਿੱਚ ਹੁੰਦੀ ਹੈ। ਪਰ ਜਦੋਂ ਹੱਕ ਮੰਗਣ ਵਾਲੇ ਹੱਥਾਂ ਨੂੰ ਸੰਵਾਦ ਦੀ ਥਾਂ ਲਾਠੀਆਂ ਮਿਲਣ ਲੱਗ ਪੈਣ, ਤਾਂ ਇਹ ਸਿਰਫ਼ ਕਿਸੇ ਇੱਕ ਵਰਗ ਦੀ ਸਮੱਸਿਆ ਨਹੀਂ ਰਹਿੰਦੀ, ਸਗੋਂ ਪੂਰੇ ਲੋਕਤੰਤਰ ਦੀ ਸਿਹਤ ਅਤੇ ਉਸ ਦੀ ਸੰਵੇਦਨਸ਼ੀਲਤਾ 'ਤੇ ਸਵਾਲ ਖੜ੍ਹੇ ਕਰਦੀ ਹੈ।

ਅੱਜ ਕੱਚੇ ਕਰਮਚਾਰੀਆਂ ਨੂੰ ਪੱਕਾ ਕਰਨ ਦਾ ਮੁੱਦਾ ਕੇਵਲ ਰੁਜ਼ਗਾਰ ਦਾ ਸਵਾਲ ਨਹੀਂ ਰਿਹਾ। ਇਹ ਲੱਖਾਂ ਨੌਜਵਾਨਾਂ ਦੀ ਆਰਥਿਕ ਸੁਰੱਖਿਆ, ਸਮਾਜਿਕ ਸਥਿਰਤਾ ਅਤੇ ਉਨ੍ਹਾਂ ਦੇ ਭਵਿੱਖ ਨਾਲ ਜੁੜਿਆ ਇੱਕ ਗੰਭੀਰ ਮਸਲਾ ਬਣ ਚੁੱਕਿਆ ਹੈ। ਸਰਕਾਰਾਂ ਅਤੇ ਸਿਆਸੀ ਪਾਰਟੀਆਂ ਹਰ ਚੋਣ ਵੇਲੇ ਬੇਰੁਜ਼ਗਾਰੀ ਖ਼ਤਮ ਕਰਨ, ਨਵੀਆਂ ਨੌਕਰੀਆਂ ਦੇਣ ਅਤੇ ਕੱਚੇ ਕਰਮਚਾਰੀਆਂ ਨੂੰ ਪੱਕਾ ਕਰਨ ਦੇ ਵਾਅਦੇ ਕਰਦੀਆਂ ਹਨ। ਪਰ ਸੱਤਾ ਵਿੱਚ ਆਉਣ ਤੋਂ ਬਾਅਦ ਇਹ ਵਾਅਦੇ ਅਕਸਰ ਚੋਣੀ ਭਾਸ਼ਣਾਂ ਅਤੇ ਐਲਾਨ ਪੱਤਰਾਂ ਦੀਆਂ ਸਤਰਾਂ ਤੱਕ ਹੀ ਸੀਮਤ ਰਹਿ ਜਾਂਦੇ ਹਨ।

ਇਸ ਤੋਂ ਵੀ ਵੱਡੀ ਵਿਡੰਬਨਾ ਇਹ ਹੈ ਕਿ ਜਦੋਂ ਇਹੀ ਨੌਜਵਾਨ ਅਤੇ ਕਰਮਚਾਰੀ ਆਪਣੇ ਹੱਕਾਂ ਲਈ ਸ਼ਾਂਤਮਈ ਅਤੇ ਲੋਕਤੰਤਰਿਕ ਢੰਗ ਨਾਲ ਆਵਾਜ਼ ਉਠਾਉਂਦੇ ਹਨ, ਧਰਨੇ ਦਿੰਦੇ ਹਨ ਜਾਂ ਪ੍ਰਦਰਸ਼ਨ ਕਰਦੇ ਹਨ, ਤਾਂ ਉਨ੍ਹਾਂ ਦੀ ਗੱਲ ਸੁਣਨ ਦੀ ਬਜਾਏ ਅਕਸਰ ਪੁਲਿਸੀ ਸਖ਼ਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਲੋਕਤੰਤਰ ਦੀ ਰੂਹ ਸੰਵਾਦ, ਸਹਿਮਤੀ ਅਤੇ ਸੰਵੇਦਨਸ਼ੀਲਤਾ ਵਿੱਚ ਵੱਸਦੀ ਹੈ, ਨਾ ਕਿ ਡਰ, ਦਬਾਅ ਅਤੇ ਤਾਕਤ ਦੇ ਪ੍ਰਦਰਸ਼ਨ ਵਿੱਚ।

ਸਾਨੂੰ ਉਹਨਾਂ ਮਾਪਿਆਂ ਦੀਆਂ ਉਮੀਦਾਂ ਅਤੇ ਕੁਰਬਾਨੀਆਂ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ, ਜਿਨ੍ਹਾਂ ਨੇ ਆਪਣੇ ਬੱਚਿਆਂ ਦੀ ਪੜ੍ਹਾਈ ਲਈ ਆਪਣੀਆਂ ਲੋੜਾਂ ਨੂੰ ਪਿੱਛੇ ਛੱਡ ਦਿੱਤਾ। ਕਿਸੇ ਨੇ ਜ਼ਮੀਨ ਗਿਰਵੀ ਰੱਖੀ, ਕਿਸੇ ਨੇ ਕਰਜ਼ਾ ਲਿਆ ਅਤੇ ਕਿਸੇ ਨੇ ਦਿਨ-ਰਾਤ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਸਿੱਖਿਆ ਦਿਵਾਈ। ਹਰ ਮਾਪੇ ਨੇ ਇਹ ਸੁਪਨਾ ਦੇਖਿਆ ਕਿ ਇੱਕ ਦਿਨ ਉਸ ਦਾ ਬੱਚਾ ਇੱਜ਼ਤਦਾਰ ਰੁਜ਼ਗਾਰ ਹਾਸਲ ਕਰਕੇ ਆਪਣੇ ਪਰਿਵਾਰ ਦਾ ਸਹਾਰਾ ਬਣੇਗਾ। ਪਰ ਜਦੋਂ ਸਾਲਾਂ ਦੀ ਉਡੀਕ, ਡਿਗਰੀਆਂ ਅਤੇ ਮਿਹਨਤ ਦੇ ਬਾਵਜੂਦ ਰੁਜ਼ਗਾਰ ਦੀ ਸੁਰੱਖਿਆ ਨਹੀਂ ਮਿਲਦੀ, ਤਾਂ ਨਿਰਾਸ਼ਾ ਸੰਘਰਸ਼ ਦਾ ਰੂਪ ਧਾਰ ਲੈਂਦੀ ਹੈ।

ਪਟਿਆਲਾ ਵਿੱਚ ਪੰਜਾਬ ਦੇ ਸਹਾਇਕ ਲਾਈਨਮੈਨਾਂ ਨਾਲ ਵਾਪਰੀ ਘਟਨਾ ਇਸੇ ਨਿਰਾਸ਼ਾ ਦੀ ਇੱਕ ਮਿਸਾਲ ਹੈ। ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਦੇ ਹੱਕ ਵਿੱਚ ਇਹ ਕਰਮਚਾਰੀ ਸ਼ਾਂਤਮਈ ਢੰਗ ਨਾਲ ਧਰਨਾ ਦੇ ਰਹੇ ਸਨ। ਉਨ੍ਹਾਂ ਦੀ ਮੰਗ ਸਿਰਫ਼ ਇੰਨੀ ਸੀ ਕਿ ਸਰਕਾਰ ਚੋਣਾਂ ਦੌਰਾਨ ਕੀਤੇ ਵਾਅਦਿਆਂ ਅਨੁਸਾਰ ਕੱਚਿਆਂ ਤੋਂ ਪੱਕਿਆਂ ਕਰੇ ਅਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਸੁਰੱਖਿਅਤ ਬਣਾਏ। ਇਹ ਕੋਈ ਗੈਰ-ਵਾਜਬ ਜਾਂ ਅਸੰਵਿਧਾਨਕ ਮੰਗ ਨਹੀਂ ਸੀ, ਸਗੋਂ ਰੁਜ਼ਗਾਰ ਸੁਰੱਖਿਆ ਅਤੇ ਸਨਮਾਨਜਨਕ ਜੀਵਨ ਦੇ ਅਧਿਕਾਰ ਨਾਲ ਜੁੜਿਆ ਮੁੱਦਾ ਸੀ।

ਦੁੱਖਦਾਈ ਗੱਲ ਇਹ ਹੈ ਕਿ ਇਨ੍ਹਾਂ ਮੰਗਾਂ ਦਾ ਹੱਲ ਗੱਲਬਾਤ ਰਾਹੀਂ ਲੱਭਣ ਦੀ ਥਾਂ ਪੁਲਿਸੀ ਕਾਰਵਾਈ ਦਾ ਰਸਤਾ ਅਪਣਾਇਆ ਗਿਆ। ਲਾਠੀਚਾਰਜ ਦੀਆਂ ਤਸਵੀਰਾਂ ਅਤੇ ਵੀਡੀਓਜ਼ ਨੇ ਨਾ ਸਿਰਫ਼ ਪੰਜਾਬ ਦੇ ਲੋਕਾਂ ਨੂੰ ਝੰਜੋੜਿਆ, ਸਗੋਂ ਇਹ ਸਵਾਲ ਵੀ ਖੜ੍ਹਾ ਕੀਤਾ ਕਿ ਕੀ ਲੋਕਤੰਤਰ ਵਿੱਚ ਆਪਣੇ ਹੱਕਾਂ ਲਈ ਆਵਾਜ਼ ਉਠਾਉਣਾ ਹੁਣ ਜ਼ੁਰਮ ਬਣਦਾ ਜਾ ਰਿਹਾ ਹੈ ?

ਪ੍ਰਦਰਸ਼ਨਕਾਰੀਆਂ ਅਤੇ ਵੱਖ-ਵੱਖ ਮਜ਼ਦੂਰ ਜਥੇਬੰਦੀਆਂ ਦਾ ਦੋਸ਼ ਹੈ ਕਿ ਇਹ ਕਾਰਵਾਈ ਲੋਕਤੰਤਰਕ ਕਦਰਾਂ-ਕੀਮਤਾਂ ਦੇ ਉਲਟ ਹੈ। ਸਮਾਜਿਕ ਸੰਸਥਾਵਾਂ ਅਤੇ ਬੁੱਧੀਜੀਵੀ ਵਰਗਾਂ ਵੱਲੋਂ ਵੀ ਇਸ ਘਟਨਾ ਦੀ ਨਿੰਦਾ ਕੀਤੀ ਜਾ ਰਹੀ ਹੈ। ਆਮ ਲੋਕਾਂ ਦਾ ਮੰਨਣਾ ਹੈ ਕਿ ਜਦੋਂ ਸਰਕਾਰਾਂ ਸੰਵਾਦ ਦੀ ਥਾਂ ਦਮਨ ਦਾ ਰਸਤਾ ਚੁਣਦੀਆਂ ਹਨ, ਤਾਂ ਲੋਕਾਂ ਅਤੇ ਪ੍ਰਸ਼ਾਸਨ ਵਿਚਕਾਰ ਭਰੋਸੇ ਦੀ ਖਾਈ ਹੋਰ ਡੂੰਘੀ ਹੋ ਜਾਂਦੀ ਹੈ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਲਾਠੀਆਂ, ਗ੍ਰਿਫ਼ਤਾਰੀਆਂ ਅਤੇ ਦਮਨਕਾਰੀ ਨੀਤੀਆਂ ਕਦੇ ਵੀ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਸਦਾ ਲਈ ਦਬਾ ਨਹੀਂ ਸਕੀਆਂ। ਦੁਨੀਆ ਦੇ ਹਰ ਮਜ਼ਬੂਤ ਲੋਕਤੰਤਰ ਨੇ ਇਹ ਸਾਬਤ ਕੀਤਾ ਹੈ ਕਿ ਸਮੱਸਿਆਵਾਂ ਦਾ ਹੱਲ ਗੱਲਬਾਤ, ਸਹਿਮਤੀ ਅਤੇ ਸੰਵੇਦਨਸ਼ੀਲ ਅਗਵਾਈ ਰਾਹੀਂ ਹੀ ਨਿਕਲਦਾ ਹੈ। ਸਰਕਾਰਾਂ ਦਾ ਫ਼ਰਜ਼ ਕੇਵਲ ਕਾਨੂੰਨ-ਵਿਵਸਥਾ ਕਾਇਮ ਰੱਖਣਾ ਨਹੀਂ, ਸਗੋਂ ਲੋਕਾਂ ਦੀਆਂ ਪੀੜਾਵਾਂ ਨੂੰ ਸਮਝਣਾ ਅਤੇ ਉਨ੍ਹਾਂ ਦੇ ਹੱਲ ਲਈ ਇਮਾਨਦਾਰ ਯਤਨ ਕਰਨਾ ਵੀ ਹੈ।

ਇਹ ਵੀ ਸੱਚ ਹੈ ਕਿ ਇਹ ਰੁਝਾਨ ਕਿਸੇ ਇੱਕ ਸਰਕਾਰ ਤੱਕ ਸੀਮਿਤ ਨਹੀਂ। ਸਮੇਂ-ਸਮੇਂ 'ਤੇ ਸੱਤਾ ਵਿੱਚ ਆਈਆਂ ਵੱਖ-ਵੱਖ ਸਰਕਾਰਾਂ ਨੇ ਵੀ ਕਰਮਚਾਰੀਆਂ ਦੇ ਅੰਦੋਲਨਾਂ ਪ੍ਰਤੀ ਅਜਿਹਾ ਹੀ ਰਵੱਈਆ ਅਪਣਾਇਆ ਹੈ। ਇਸ ਲਈ ਇਹ ਮਸਲਾ ਕਿਸੇ ਇੱਕ ਸਿਆਸੀ ਦਲ ਦੀ ਆਲੋਚਨਾ ਦਾ ਨਹੀਂ, ਸਗੋਂ ਸਾਡੀ ਲੋਕਤੰਤਰਿਕ ਸੋਚ ਅਤੇ ਪ੍ਰਸ਼ਾਸਨਿਕ ਸੰਸਕ੍ਰਿਤੀ ਦੇ ਮੁੜ-ਮੁਲਾਂਕਣ ਦਾ ਹੈ।

ਲੋਕਤੰਤਰ ਦੀ ਸਿਹਤ ਇਸ ਗੱਲ ਨਾਲ ਨਹੀਂ ਮਾਪੀ ਜਾਂਦੀ ਕਿ ਸਰਕਾਰ ਕਿੰਨੀ ਤਾਕਤਵਰ ਹੈ, ਸਗੋਂ ਇਸ ਨਾਲ ਕਿ ਉਹ ਆਪਣੇ ਅਸਹਿਮਤ ਨਾਗਰਿਕਾਂ ਅਤੇ ਕਰਮਚਾਰੀਆਂ ਦੀ ਗੱਲ ਕਿੰਨੀ ਸੰਜੀਦਗੀ ਅਤੇ ਸਹਿਣਸ਼ੀਲਤਾ ਨਾਲ ਸੁਣਦੀ ਹੈ।

ਪੰਜਾਬ ਦੀ ਧਰਤੀ ਨੇ ਹਮੇਸ਼ਾ ਇਨਸਾਫ਼, ਲੋਕ ਹੱਕਾਂ ਅਤੇ ਜਮਹੂਰੀ ਕਦਰਾਂ-ਕੀਮਤਾਂ ਦੀ ਅਗਵਾਈ ਕੀਤੀ ਹੈ। ਇਸ ਧਰਤੀ ਦਾ ਇਤਿਹਾਸ ਸਾਨੂੰ ਸਿਖਾਉਂਦਾ ਹੈ ਕਿ ਲੋਕਾਂ ਦੀ ਆਵਾਜ਼ ਨੂੰ ਸੁਣਨਾ ਅਤੇ ਉਨ੍ਹਾਂ ਦੇ ਦੁੱਖਾਂ ਨੂੰ ਸਮਝਣਾ ਹੀ ਚੰਗੇ ਸ਼ਾਸਨ ਦੀ ਪਹਿਚਾਣ ਹੈ। ਇਸ ਲਈ ਲੋੜ ਹੈ ਕਿ ਸਰਕਾਰ ਅਜਿਹੇ ਮਸਲਿਆਂ ਨੂੰ ਟਕਰਾਅ ਦੀ ਨਜ਼ਰ ਨਾਲ ਦੇਖਣ ਦੀ ਥਾਂ ਗੱਲਬਾਤ ਦਾ ਰਾਹ ਅਪਣਾਏ, ਕਰਮਚਾਰੀਆਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਸੁਣੇ ਅਤੇ ਲੋਕਤੰਤਰ ਦੀ ਰੂਹ ਨੂੰ ਮਜ਼ਬੂਤ ਬਣਾਏ, ਕਿਉਂਕਿ ਜਦੋਂ ਰੁਜ਼ਗਾਰ ਮੰਗਣ ਵਾਲੇ ਹੱਥਾਂ ਨੂੰ ਨੌਕਰੀ ਦੀ ਥਾਂ ਲਾਠੀਆਂ ਮਿਲਣ ਲੱਗ ਪੈਣ, ਤਾਂ ਸਵਾਲ ਸਿਰਫ਼ ਇੱਕ ਧਰਨੇ ਜਾਂ ਇੱਕ ਵਰਗ ਦਾ ਨਹੀਂ ਰਹਿੰਦਾ, ਫਿਰ ਸਵਾਲ ਪੂਰੇ ਲੋਕਤੰਤਰ ਦੀ ਸੰਵੇਦਨਸ਼ੀਲਤਾ, ਉਸ ਦੀ ਜਵਾਬਦੇਹੀ ਅਤੇ ਉਸਦੇ ਭਵਿੱਖ ਦਾ ਬਣ ਜਾਂਦਾ ਹੈ।

# ਯਾਦਾਂ ਦੇ ਝਰੋਖੇ ਚੋਂ
# ਮੇਰਾ ਬੁਆਏਫ੍ਰੈਂਡ



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

ਪਿਤਾ ਜੀ ਨਾਲ ਜੁੜੀਆਂ ਕਈ ਮਧੁਰ ਤੇ ਪਿਆਰੀਆਂ ਯਾਦਾਂ ਵਿੱਚੋਂ ਇੱਕ ਬਹੁਤ ਰੌਚਕ ਯਾਦ ਅਚਾਨਕ ਉਭਰ ਕੇ ਸਾਹਮਣੇ ਆ ਗਈ ਹੈ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਮੈਂ ਕਾਲਜ ਵਿੱਚ ਬੀਏ ਦੇ ਪਹਿਲੇ ਸਾਲ ਵਿੱਚ ਦਾਖਲਾ ਲਿਆ ਸੀ। ਪਿਤਾ ਜੀ ਬਾਹਰ ਹੀ ਰਹਿੰਦੇ ਸਨ। ਵਿੱਚ-ਵਿੱਚ ਛੁੱਟੀ ਲੈ ਕੇ ਦਿੱਲੀ ਘਰ ਆਉਂਦੇ ਸਨ। ਇੱਕ ਸਵੇਰੇ ਜਦੋਂ ਮੈਂ ਕਾਲਜ ਜਾਣ ਲਈ ਤਿਆਰ ਹੋਈ ਤਾਂ ਪਿਤਾ ਜੀ ਨੇ ਵੀ ਕਿਸੇ ਕੰਮ ਦੇ ਸਿਲਸਿਲੇ ਵਿੱਚ ਜਾਣਾ ਸੀ। ਉਨ੍ਹਾਂ ਨੇ ਕਿਹਾ ਕਿ ਚੱਲ ਆਪਾਂ ਦੋਵੇਂ ਇਕੱਠੇ ਬਸ ਸਟੈਂਡ ਤੇ ਚੱਲਦੇ ਹਾਂ। ਬਸ ਸਟੈਂਡ ਘਰੋਂ ਪੰਦਰਾਂ ਮਿੰਟ ਦੀ ਦੂਰੀ ਤੇ ਸੀ। ਦੇਸ਼ਬੰਧੂ ਗੁਪਤਾ ਕਾਲਜ ਤੋਂ ਬਸਾਂ ਚੱਲਦੀਆਂ ਸਨ ਅਤੇ ਆਫ਼ਿਸ ਦੇ ਸਮੇਂ ਲੰਮੀਆਂ ਲੰਮੀਆਂ ਲਾਈਨਾਂ ਲੱਗਦੀਆਂ। ਪਿਤਾ ਜੀ ਦਾ ਸਾਥ ਮੈਂ ਕਿਸੇ ਵੀ ਤਰ੍ਹਾਂ ਛੱਡਣਾ ਨਹੀਂ ਚਾਹੁੰਦੀ ਸਾਂ, ਇਸ ਲਈ ਮੈਂ ਉਨ੍ਹਾਂ ਲਈ ਪੰਦਰਾਂ ਮਿੰਟ ਰੁਕ ਗਈ। ਉਨ੍ਹਾਂ ਦਾ ਸਾਥ ਮੈਨੂੰ ਬਹੁਤ ਚੰਗਾ ਲੱਗਦਾ ਸੀ। ਪੰਦਰਾਂ ਮਿੰਟ ਪੈਦਲ ਚੱਲਦੇ ਚੱਲਦੇ ਅਸੀਂ ਬਹੁਤ ਸਾਰੀਆਂ ਗੱਲਾਂ ਕੀਤੀਆਂ। ਆਪਣੇ ਕਾਲਜ ਦੇ ਕਈ ਅਨੁਭਵ ਮੈਂ ਉਨ੍ਹਾਂ ਨਾਲ ਸ਼ੇਅਰ ਕੀਤੇ। ਸਕੂਲ ਅਤੇ ਕਾਲਜ ਦੇ ਫ਼ਰਕ ਬਾਰੇ ਪੁੱਛਦਿਆਂ ਉਨ੍ਹਾਂ ਨੇ ਇਸ ਬਾਰੇ ਮੇਰੀ ਰਾਏ ਜਾਣਨੀ ਚਾਹੀ। ਮੈਂ ਉਨ੍ਹਾਂ ਨੂੰ ਦੱਸਿਆ ਕਿ ਸਕੂਲ ਵਿੱਚ ਆਪਣੇ ਢੰਗ ਦਾ ਅਨੁਸ਼ਾਸਨ ਸੀ, ਜੋ ਉਸ ਬਚਪਨ ਅਤੇ ਕਿਸ਼ੋਰ ਉਮਰ ਲਈ ਬਹੁਤ ਜ਼ਰੂਰੀ ਸੀ। ਕਾਲਜ ਵਿੱਚ ਹਰ ਤਰ੍ਹਾਂ ਦੀ ਛੋਟ ਹੈ। ਕੋਈ ਕਲਾਸ ਲਾਓ ਜਾਂ ਕੋਈ ਵੀ ਛੱਡ ਦਿਓ, ਇਹ ਵਿਦਿਆਰਥੀ ਦੀ ਇੱਛਾ ਤੇ ਨਿਰਭਰ ਹੈ। ਜਦਕਿ ਸਕੂਲ ਵਿੱਚ ਅਜਿਹਾ ਨਹੀਂ ਹੁੰਦਾ। ਮੈਂ ਇਸ ਛੋਟ ਦਾ ਫ਼ਾਇਦਾ ਨਹੀਂ ਉਠਾਉਂਦੀ ਅਤੇ ਹਰ ਪੀਰੀਅਡ ਵਿੱਚ ਹਾਜ਼ਰ ਰਹਿੰਦੀ ਹਾਂ। ਮੈਂ ਉਨ੍ਹਾਂ ਨੂੰ ਦੱਸਿਆ ਕਿ ਅਸੀਂ ਆਪਣੇ ਆਪ ਘਰੇ ਕਿੰਨਾ ਵੀ ਪੜ੍ਹ ਲਈਏ ਪਰ ਆਪਣੇ ਅਧਿਆਪਕ ਜਿੰਨਾ ਕਦੇ ਵੀ ਖੁਦ ਕਿਤਾਬਾਂ ਤੋਂ ਪੜ੍ਹ ਕੇ ਗ੍ਰਹਿਣ ਨਹੀਂ ਕਰ ਸਕਦੇ। ਅਧਿਆਪਕ ਸਾਨੂੰ ਪੰਜਾਹ ਮਿੰਟਾਂ ਵਿੱਚ ਜੋ ਲੈਕਚਰ ਦਿੰਦੇ ਹਨ, ਉਹ ਅਤਰ ਵਾਂਗ ਹੁੰਦਾ ਹੈ। ਜਿਵੇਂ ਅਤਰ ਦੀ ਇੱਕ ਛੋਟੀ ਸ਼ੀਸ਼ੀ ਬਾਗ ਚੋਂ ਤੋੜੇ ਗਏ ਕਈ ਫੁੱਲਾਂ ਦਾ ਨਿਚੋੜ ਹੁੰਦੀ ਹੈ, ਉਵੇਂ ਹੀ ਉਨ੍ਹਾਂ ਦਾ ਲੈਕਚਰ ਕਈ ਕਿਤਾਬਾਂ ਦੇ ਅਧਿਐਨ-ਅਧਿਆਪਨ ਦਾ ਨਿਚੋੜ ਹੁੰਦਾ ਹੈ, ਜੀਹਨੂੰ ਅਸੀਂ ਕਿਸੇ ਵੀ ਪੁਸਤਕ ਚੋਂ ਪ੍ਰਾਪਤ ਨਹੀਂ ਕਰ ਸਕਦੇ। ਅਧਿਆਪਕ ਜਦੋਂ ਉਸੇ ਗੱਲ ਨੂੰ ਦੁਬਾਰਾ ਸਮਝਾਉਂਦੇ ਹਨ, ਤਾਂ ਉਨ੍ਹਾਂ ਦੀ ਭਾਸ਼ਾ ਅਲੱਗ ਹੁੰਦੀ ਹੈ। ਇਸ ਤਰ੍ਹਾਂ ਨਾਲ ਸਾਡੀ ਵੀ ਭਾਸ਼ਾ ਵਿੱਚ ਵਾਧਾ ਹੁੰਦਾ ਹੈ। ਅਸੀਂ ਨਵੇਂ ਨਵੇਂ ਸ਼ਬਦ ਸਿੱਖਦੇ ਹਾਂ। ਕਾਲਜ ਪਿੱਛੋਂ ਥੋੜ੍ਹੀ ਦੇਰ ਲਾਇਬ੍ਰੇਰੀ ਵਿੱਚ ਬੈਠ ਕੇ ਨੋਟਸ ਬਣਾਉਂਦੀ ਹਾਂ। ਉਸ ਦਿਨ ਦਾ ਕਲਾਸ ਵਿੱਚ ਪੜ੍ਹਾਇਆ ਵੀ ਉੱਥੇ ਹੀ ਰੀਵਾਈਜ਼ ਕਰ ਲੈਂਦੀ ਹਾਂ। ਮੇਰੀ ਸਹੇਲੀ ਊਸ਼ਾ ਮੇਰੇ ਨਾਲ ਹੁੰਦੀ ਹੈ। ਵਾਪਸ ਵੀ ਇਕੱਠੀਆਂ ਘਰੇ ਆਉਂਦੀਆਂ ਹਾਂ। ਗੱਲਾਂ ਕਰਦੇ-ਕਰਦੇ ਸਾਡਾ ਬਸ ਸਟੈਂਡ ਆ ਗਿਆ ਅਤੇ ਅਸੀਂ ਲਾਈਨ ਵਿੱਚ ਖੜ੍ਹੇ ਹੋ ਗਏ।

ਬਸ ਸਮੇਂ ਸਿਰ ਆ ਗਈ ਪਰ ਲਾਈਨ ਬਹੁਤ ਲੰਮੀ ਸੀ। ਸਾਨੂੰ ਸੀਟਾਂ ਨਾ ਮਿਲੀਆਂ ਅਤੇ ਅਸੀਂ ਖੜ੍ਹੇ-ਖੜ੍ਹੇ ਸਫ਼ਰ ਕਰਨ ਲੱਗੇ। ਇਸ ਦੌਰਾਨ ਮੇਰੀ ਇੱਕ ਕਲਾਸਮੇਟ ਵੀ ਉਸੇ ਲਾਈਨ ਵਿੱਚ ਖੜ੍ਹੀ ਸੀ, ਜੀਹਨੇ ਮੈਨੂੰ ਹੈਲੋ ਕਿਹਾ। ਮੈਂ ਉਹਦੀ ਹੈਲੋ ਦਾ ਜਵਾਬ ਦਿੱਤਾ। ਇਸ ਦੌਰਾਨ ਕੰਡਕਟਰ ਸਾਡੇ ਕੋਲ ਆ ਗਿਆ। ਪਿਤਾ ਜੀ ਨੇ ਉਸਤੋਂ ਦੋ ਟਿਕਟਾਂ ਲੇਡੀ ਸ਼੍ਰੀਰਾਮ ਕਾਲਜ ਦੀਆਂ ਲਈਆਂ ਅਤੇ ਤੀਜੀ ਟਿਕਟ ਆਪਣੇ ਵਾਸਤੇ ਲਈ। ਉਨ੍ਹਾਂ ਨੇ ਮੇਰੀ ਸਹੇਲੀ ਲਈ ਵੀ ਟਿਕਟ ਲੈ ਲਈ ਸੀ। ਬਸ ਤੋਂ ਉਤਰਨ ਵੇਲੇ ਉਨ੍ਹਾਂ ਨੇ ਮੈਨੂੰ ਦੋ ਟਿਕਟਾਂ ਦੇ ਦਿੱਤੀਆਂ ਕਿਉਂਕਿ ਉਨ੍ਹਾਂ ਨੇ ਅੱਗੇ ਜਾਣਾ ਸੀ। ਮੇਰੀ ਸਹੇਲੀ ਨੇ ਮੈਨੂੰ ਦੱਸਿਆ ਕਿ ਉਸ ਕੋਲ ਤਾਂ ਪਾਸ ਬਣਿਆ ਹੋਇਆ ਹੈ। ਖੈਰ ਟਿਕਟ ਤਾਂ ਲਈ ਜਾ ਚੁੱਕੀ ਸੀ। ਰਾਹ ਵਿੱਚ ਅਸੀਂ ਇਸ ਬਾਰੇ ਕੋਈ ਗੱਲਬਾਤ ਨਹੀਂ ਕੀਤੀ ਅਤੇ ਬਸ ਸਟਾਪ ਤੋਂ ਸਿੱਧੇ ਕਲਾਸ ਵਿੱਚ ਆ ਗਈਆਂ। ਲੰਚ ਤੋਂ ਬਾਦ ਮੈਨੂੰ ਮੇਰੀਆਂ ਹੋਰ ਸਹੇਲੀਆਂ ਨੇ ਕਿਹਾ ਕਿ ਤੂੰ ਤਾਂ ਬੜੀ ਛੁਪੀ ਰੁਸਤਮ ਨਿਕਲੀ। ਆਪਣੇ ਬੁਆਏਫ਼੍ਰੈਂਡ ਬਾਰੇ ਸਭ ਤੋਂ ਲੁਕਾਈ ਰੱਖਿਆ। ਪਹਿਲਾਂ ਤਾਂ ਮੈਨੂੰ ਕੁਝ ਸਮਝ ਨਾ ਆਈ ਅਤੇ ਮੈਂ ਹੈਰਾਨ ਹੋ ਕੇ ਪੁੱਛਿਆ 'ਕਿਹੜਾ ਬੁਆਏਫ੍ਰੈਂਡ? ਮੇਰਾ ਕੋਈ ਬੁਆਏਫ੍ਰੈਂਡ ਨਹੀਂ ਹੈ।' ਪਰ ਜਦੋਂ ਮੇਰੀ ਬਸ ਵਾਲੀ ਸਹੇਲੀ ਵੱਲੋਂ ਉਨ੍ਹਾਂ ਨੂੰ ਮਿਰਚ-ਮਸਾਲੇ ਲਾ ਕੇ ਸਵੇਰ ਵਾਲੀ ਘਟਨਾ ਦੱਸੀ ਸੀ ਤਾਂ ਸਭ ਨੇ ਉਸ ਉੱਤੇ ਵਿਸ਼ਵਾਸ ਕਰ ਲਿਆ। ਮੇਰਾ ਹਾਸਾ ਬੰਦ ਨਾ ਹੋਵੇ! ਕੁਝ ਚਿਰ ਮੈਂ ਵੀ ਉਨ੍ਹਾਂ ਨਾਲ ਮਜ਼ਾ ਲੈਣ ਲੱਗੀ। ਮੈਂ ਆਪਣੀ ਸਹੇਲੀ ਤੋਂ ਪੁੱਛਿਆ ਕਿ ਮੇਰਾ ਬੁਆਏਫ੍ਰੈਂਡ ਉਹਨੂੰ ਕਿਹੋ ਜਿਹਾ ਲੱਗਿਆ? ਤਾਂ ਉਹਨੇ ਦੱਸਿਆ 'ਲੰਮਾ-ਉੱਚਾ, ਸਾਂਵਲਾ ਪਰ ਹੈਂਡਸਮ! ਸੁੰਦਰ ਹੇਅਰ ਸਟਾਈਲ!' ਮੈਂ ਪੁੱਛਿਆ ਕਿ ਹੋਰ ਕੀ ਚੰਗਾ ਲੱਗਿਆ? ਤਾਂ ਉਹਨੇ ਦੱਸਿਆ ਕਿ ਬੜਾ 'ਕੇਅਰਿੰਗ' ਸੀ। ਬਸ ਦੀ ਅਗਲੀ ਖਿੜਕੀ ਤੱਕ ਤੈਨੂੰ ਛੱਡਣ ਆਇਆ ਅਤੇ ਖਿੜਕੀ ਤੋਂ ਤੈਨੂੰ ਦੂਰ ਜਾਂਦਾ ਵੇਖਦਾ ਰਿਹਾ। ਮੈਨੂੰ ਹੋਰ ਹਾਸਾ ਆ ਗਿਆ। ਇੰਨੇ ਵਿੱਚ ਮੇਰੀ ਇੱਕ ਹੋਰ ਸਹੇਲੀ ਊਸ਼ਾ, ਜੋ ਮੇਰੇ ਘਰ ਦੇ ਨੇੜੇ ਹੀ ਰਹਿੰਦੀ ਸੀ, ਉਹ ਉਸ ਦਿਨ ਲੰਚ ਪਿੱਛੋਂ ਕਾਲਜ ਆਈ ਸੀ, ਨੇ ਸਾਰਾ ਮਾਮਲਾ ਸਮਝ ਕੇ ਮੇਰੀਆਂ ਸਹੇਲੀਆਂ ਦਾ ਸਾਥ ਦਿੰਦਿਆਂ ਖੂਬ ਮਜ਼ਾ ਲਿਆ ਅਤੇ ਮੇਰੇ ਨਾਲ ਮਿਲ ਕੇ ਖੂਬ ਹੱਸਦੀ ਰਹੀ। ਕਿਸੇ ਸਹੇਲੀ ਨੂੰ ਕੁਝ ਸਮਝ ਨਹੀਂ ਆਈ। ਫਿਰ ਊਸ਼ਾ ਨੇ ਦੱਸਿਆ ਕਿ ਜਿਸ 'ਹੈਂਡਸਮ ਬੁਆਏਫ੍ਰੈਂਡ' ਦੀ ਤੁਸੀਂ ਗੱਲਾਂ ਕਰ ਰਹੀਆਂ ਹੋ, ਉਹ ਇਹਦੇ ਡੈਡੀ ਹਨ। ਪਹਿਲੀ ਵਾਰੀ ਮੈਂ ਵੀ ਜਦੋਂ ਇਹਦੇ ਘਰ ਇਹਦੇ ਡੈਡੀ ਨੂੰ ਵੇਖਿਆ ਸੀ ਤਾਂ ਬੜੀ ਹੈਰਾਨ ਹੋਈ ਸਾਂ। ਗੱਲ ਵੀ ਹੈਰਾਨੀ ਵਾਲੀ ਸੀ ਕਿਉਂਕਿ ਮੇਰੇ ਅਤੇ ਪਾਪਾ ਦੀ ਉਮਰ ਵਿੱਚ ਵੀਹ-ਇੱਕੀ ਸਾਲ ਦਾ ਹੀ ਫਰਕ ਸੀ। ਉਦੋਂ ਪਾਕਿਸਤਾਨ ਵਿੱਚ ਸ਼ਾਦੀ ਛੇਤੀ ਹੋ ਜਾਂਦੀ ਸੀ। ਮਾਂ ਸੋਲਾਂ ਸਾਲ ਦੀ ਸੀ ਅਤੇ ਪਾਪਾ ਵੀਹ ਸਾਲ ਦੇ ਸਨ। ਇੱਕੀਵੇਂ ਸਾਲ ਵਿੱਚ ਉਹ ਪਿਤਾ ਬਣ ਗਏ ਸਨ। ਕਾਲਜ ਵਿੱਚ ਦਾਖਲੇ ਸਮੇਂ ਮੇਰੀ ਉਮਰ ਸੋਲਾਂ ਸਾਲ ਦੀ ਸੀ। ਸੈਂਤੀ ਸਾਲ ਦੇ ਹੁੰਦੇ ਹੋਏ ਵੀ ਪਾਪਾ ਤੀਹ ਸਾਲ ਦੇ ਨਜ਼ਰ ਆਉਂਦੇ ਸਨ ਅਤੇ ਕੋਈ ਵੀ ਇਸ ਤਰ੍ਹਾਂ ਦਾ ਧੋਖਾ ਖਾ ਸਕਦਾ ਸੀ।

ਘਰੇ ਆ ਕੇ ਮੈਂ ਪਿਤਾ ਜੀ ਅਤੇ ਮਾਂ ਨੂੰ ਇਹ ਸਾਰੀ ਘਟਨਾ ਸੁਣਾਈ ਤਾਂ ਸਾਰੇ ਖ਼ੂਬ ਹੱਸੇ। ਪਿਤਾ ਜੀ ਨੇ ਕਿਹਾ, "ਮੈਂ ਤੇਰਾ ਪਿਤਾ ਹੋ ਕੇ ਵੀ ਤੇਰਾ ਬੁਆਏਫ੍ਰੈਂਡ ਹੀ ਹਾਂ। ਆਪਾਂ ਦੋਸਤ ਹੀ ਤਾਂ ਹਾਂ।"

**ਮੂਲ : ਡਾ ਸ਼ਕੁੰਤਲਾ ਕਾਲਰਾ**
**ਦਿੱਲੀ (9868735123)**

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ
## AMERICA ਵਿੱਚ
## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


Pal Films
Production
All Your Photo/Videography &
Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com



ਬਰਜਿੰਦਰ ਕੌਰ ਬਿਸਰਾਓ
99889-01324

# ਨਾ ਉੱਜੜੋ ਤੇ ਨਾ ਉਜਾੜੋ

ਅੱਜ ਕਈ ਮਸਲਿਆਂ ਤੇ ਸਾਡੀ ਨੌਜਵਾਨੀ ਦਿਸ਼ਾਹੀਣ ਹੋ ਰਹੀ ਹੈ। ਧਰੁਵੀਕਰਨ ਹੋਣ ਨਾਲ ਸਾਡੀ ਰਹਿਣੀ ਬਹਿਣੀ ਅਤੇ ਜੀਵਨ ਸ਼ੈਲੀ ਵਿੱਚ ਬਹੁਤ ਤੇਜ਼ੀ ਨਾਲ ਬਦਲਾਅ ਆਇਆ ਹੈ। ਅੱਜ ਦੇ ਮਾਪੇ ਦੋਵੇਂ ਕੰਮਕਾਜੀ ਹੋਣ ਕਰਕੇ, ਇਕਹਿਰੇ ਪਰਿਵਾਰਾਂ ਦੇ ਹੋਂਦ ਵਿੱਚ ਆ ਜਾਣ ਕਰਕੇ ਅਤੇ ਖੁੱਲ੍ਹ ਦੇ ਨਾਂ ਤੇ ਮਿ.ਲੀ ਅਜ਼ਾਦੀ ਕਰਕੇ ਨੌਜਵਾਨੀ ਭਟਕ ਰਹੀ ਹੈ। ਬਹੁਤੇ ਨੌਜਵਾਨ ਨਾ ਆਪਣੇ ਵੱਡਿਆਂ ਦੀ ਗੱਲ ਸੁਣਨੀ ਚਾਹੁੰਦੇ ਹਨ ਤੇ ਨਾ ਹੀ ਆਪਣੇ ਸਭਿਆਚਾਰਿਕ ਪਿਛੋਕੜ ਨੂੰ ਫਰੋਲਣਾ ਚਾਹੁੰਦੇ ਹਨ। ਇਸ ਸਭ ਵਿੱਚ ਬੱਚਿਆਂ ਦਾ ਕਸੂਰ ਘੱਟ ਹੈ ਕਿਉਂ ਕਿ ਨਵੀਂ-ਪੁਰਾਣੀ ਤਹਿਜ਼ੀਬ ਦੇ ਮਿਸ਼ਰਣ ਨਾ.ਲ ਤਿਆਰ ਹੋਏ ਉਹਨਾਂ ਦੇ ਮਾਪੇ ਬਚਪਨ ਤੋਂ ਲੈਕੇ ਕਾਲਜ ਤੱਕ ਦੇ ਸਮੇਂ ਤੱਕ ਉਹਨਾਂ ਨੂੰ ਐਨੀ ਖੁੱਲ੍ਹ ਦਿੰਦੇ ਹਨ ਕਿ ਉਹ ਆਪਣੀ ਔਲਾਦ ਨੂੰ ਹੱਥੋਂ ਕੱਢ ਬੈਠਦੇ ਹਨ। ਮੌਕਾ ਲੰਘੇ ਤੇ ਜਦੋਂ ਉਹ ਉਹਨਾਂ ਨੂੰ ਆਪਣੇ ਕੰਟਰੋਲ ਵਿੱਚ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਉਨ੍ਹਾਂ ਦੁਆਰਾ ਕਸੀ ਨਕੇਲ ਦੇ ਭਿਆਨਕ ਨਤੀਜੇ ਸਾਹਮਣੇ ਆਉਂਦੇ ਹਨ । ਵਾਪਰਨ ਵਾਲੀਆਂ ਇੱਕ ਤੋਂ ਬਾਅਦ ਇੱਕ ਮੰਦਭਾਗੀਆਂ ਘਟਨਾਵਾਂ ਨਾਲ ਸਮਾਜ ਵਿੱਚ ਵਿਚਰਦੀ ਹੋਈ ਨੌਜਵਾਨ ਪੀੜ੍ਹੀ ਕੋਲ ਗਲਤ ਸੰਦੇਸ਼ ਪਹੁੰਚਦਾ ਹੈ ਤੇ ਦੇਖੋ ਦੇਖੀ ਉਹ ਇਹੋ ਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ।

ਕਈ ਨੌਜਵਾਨ ਮੁੰਡੇ ਕੁੜੀਆਂ ਜਦ ਬਾਹਰ ਇਕੱਠੇ ਪੜ੍ਹਦੇ ਜਾਂ ਨੌਕਰੀਆਂ ਕਰਦੇ ਹਨ ਤਾਂ ਉਹਨਾਂ ਨੂੰ ਉੱਥੇ ਹੀ ਕਿਸੇ ਨਾ ਕਿਸੇ ਨਾ.ਲ ਪਿਆਰ ਹੋ ਜਾਂਦਾ ਹੈ। ਕਈ ਨੌਜਵਾਨਾਂ ਦੇ ਇਹੋ ਜਿਹੇ ਰਿਸ਼ਤਿਆਂ ਨੂੰ ਘਰਦਿਆਂ ਵੱਲੋਂ ਪ੍ਰਵਾਨਗੀ ਮਿ.ਲ ਜਾਂਦੀ ਹੈ ਤਾਂ ਉਹ ਆਪਣੇ ਆਪਣੇ ਮਨਪਸੰਦ ਦੇ ਜੀਵਨ ਸਾਥੀ ਨਾਲ ਆਪਣਾ ਘਰ ਖੁਸ਼ੀ ਖੁਸ਼ੀ ਵਸਾ ਲੈਂਦੇ ਹਨ। ਪਰ ਕਈ ਵਾਰ ਮਾਪਿਆਂ ਵੱਲੋਂ ਆਪਣੀ ਔਲਾਦ ਦੀ ਪਸੰਦ ਕਈ ਕਾਰਨਾਂ ਕਰਕੇ ਜਿਵੇਂ ਅਮੀਰੀ -ਗਰੀਬੀ ਦਾ ਅੰਤਰਾਲ,ਜਾਤ ਪਾਤ ਵਿਰੋਧ ਜਾਂ ਹੋਰ ਕਈ ਕਾਰਨਾਂ ਕਰਕੇ ਭਾਉਂਦੀ ਨਹੀਂ। ਉਹ ਫਿਰ ਜ਼ਬਰਦਸਤੀ ਆਪਣੇ ਸਮਾਜਿਕ ਜਾਂ ਆਰਥਿਕ ਰੁਤਬੇ ਦੇ ਹਿਸਾਬ ਨਾਲ ਉਨ੍ਹਾਂ ਲਈ ਅਨੁਕੂਲ ਵਰ ਜਾਂ ਵਧੂ ਜਾਂ ਪਰਿਵਾਰ ਦੇਖ ਕੇ ਰਿਸ਼ਤਾ ਪੱਕਾ ਕਰ ਦਿੰਦੇ ਹਨ। ਕਈ ਵਾਰ ਨੌਜਵਾਨ ਲੜਕਾ ਜਾਂ ਲੜਕੀ ਆਪਣੇ ਪਰਿਵਾਰ ਦੇ ਦਬਾਅ ਹੇਠ ਆ ਕੇ ਰਿਸ਼ਤਾ ਤਾਂ ਕਰ ਲੈਂਦੇ ਹਨ ਪਰ ਉਸ ਨੂੰ ਮਾਨਸਿਕ ਤੌਰ ਤੇ ਪ੍ਰਵਾਨ ਨਹੀਂ ਕਰਦੇ ਤੇ ਨਾ ਹੀ ਉਹ ਆਪਣੇ ਮਾਪਿਆਂ ਨੂੰ ਮਨ੍ਹਾ ਕਰ ਸਕਦੇ ਹਨ । ਉਹ ਉਸ ਰਿਸ਼ਤੇ ਨੂੰ ਆਪਣੇ ਉੱਪਰ ਬੋਝ ਸਮਝਣ ਲੱਗਦੇ ਹਨ। ਜਿਸ ਦਾ ਅੰਜਾਮ ਹੋਣ ਵਾਲੇ ਪਤੀ ਜਾਂ ਪਤਨੀ ਤੋਂ ਖਹਿੜਾ ਛੁਡਾਉਣ ਲਈ ਆਪਣੇ ਦਿਮਾਗ ਦੇ ਘੋੜੇ ਦੌੜਾਉਂਦੇ ਦੌੜਾਉਂਦੇ ਉਸ ਮਾਸੂਮ ਦੇ ਕਾਤਲ ਬਣ ਜਾਂਦੇ ਹਨ ਜੋ ਉਹਨਾਂ ਦੀ ਪਿਛਲੀ ਜ਼ਿੰਦਗੀ ਤੋਂ ਬੇਖ਼ਬਰ ਹੁੰਦਾ ਹੈ। ਹਾਲ ਵਿੱਚ ਹੀ ਇਹੋ ਜਿਹੀਆਂ ਮੰਦਭਾਗੀਆਂ ਘਟਨਾਵਾਂ ਸੋਨਮ-ਰਾਜਾਰਘੁਵੰਸੀ ਦੀ ਕਾਤਲ ਅਤੇ ਅਰਬਪਤੀ ਕਾਰਤਿਕ ਦੀ ਕਾਤਲ ਉਸ ਦੀ ਮੰਗੇਤਰ ਤੇ ਉਸ ਦਾ ਪ੍ਰੇਮੀ ਬਣੇ। ਕਾਰਤਿਕ ਦਾ ਕਤਲ ਬਿਲਕੁਲ ਰਾਜਾ ਰਘੁਵੰਸ਼ ਦੇ ਕਤਲ ਦੀ ਤਰਜ਼ ਤੇ ਕੀਤਾ ਗਿਆ ਕਤਲ ਹੈ । ਇਹੋ ਜਿਹੇ ਮਾਮਲਿਆਂ ਵਿੱਚ ਕਾਨੂੰਨ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ ਤਾਂ ਜੋ ਅਗਾਂਹ ਤੋਂ ਕੋਈ ਬੇਕਸੂਰ ਕਿਸੇ ਦੀ ਆਯਾਸ਼ੀ ਦੀ ਬਲੀ ਨਾ ਚੜ੍ਹੇ। ਸੋਨਮ ਨੂੰ ਕੁਝ ਮਹੀਨਿਆਂ ਵਿੱਚ ਹੀ ਅਦਾਲਤ ਵੱਲੋਂ ਜ਼ਮਾਨਤ ਦੇ ਦਿੱਤੀ ਗਈ, ਸ਼ਾਇਦ ਸੀਆ ਨੇ ਵੀ ਇਹੋ ਸੋਚਿਆ ਹੋਵੇਗਾ ਕਿ ਇਹੋ ਜਿਹਾ ਕੰਮ ਕਰਨ ਨਾ.ਲ ਕੁਝ ਨਹੀਂ ਹੋਵੇਗਾ। ਸਾਡਾ ਸਮਾਜ ਇਹੋ ਜਿਹੀਆਂ ਉਦਾਹਰਣਾਂ ਨਾ.ਲ ਭਰਿਆ ਪਿਆ ਹੈ। ਬਦਕਿਸਮਤੀ ਨਾਲ ਇਹੋ ਜਿਹੀਆਂ ਮੰਦਭਾਗੀ ਘਟਨਾਵਾਂ ਵਿੱਚ ਦਿਨੋ ਦਿਨ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

ਇੱਕ ਗੱਲ ਤਾਂ ਜ਼ਰੂਰ ਹੈ ਕਿ ਜੇ ਇਹੋ ਜਿਹੇ ਮਾਪਿਆਂ ਨੇ ਆਪਣੀ ਪਸੰਦ ਮੁਤਾਬਕ ਜ਼ਬਰਦਸਤੀ ਆਪਣੇ ਬੱਚਿਆਂ ਦਾ ਰਿਸ਼ਤਾ ਕਿਤੇ ਹੋਰ ਕਰਨਾ ਹੁੰਦਾ ਹੈ ਤਾਂ ਉਹ ਆਪਣੇ ਬੱਚਿਆਂ ਨੂੰ ਪਹਿਲਾਂ ਹੀ ਸਮਝਾ ਕੇ ਰੱਖਣ, ਨਜ਼ਰਸਾਨੀ ਵਿੱਚ ਰੱਖਣ ਤਾਂ ਜੋ ਉਹਨਾਂ ਦਾ ਬੱਚਾ ਉਹਨਾਂ ਦੇ ਕਹੇ ਅਨੁਸਾਰ ਚੱਲੇ ਤੇ ਕਿਸੇ ਦਾ ਘਰ ਨਾ ਉਜਾੜੇ। ਇਹੋ ਜਿਹੇ ਮਸਲਿਆਂ ਵਿੱਚ ਉਨ੍ਹਾਂ ਦੇ ਮਾਪੇ ਵੀ ਓਨੇ ਹੀ ਕਸੂਰਵਾਰ ਹੁੰਦੇ ਹਨ ਜਿਨ੍ਹਾਂ ਦੂਸਰੇ ਦਾ ਘਰ ਉਜਾੜਨ ਵਾਲਾ ਉਹਨਾਂ ਦਾ ਬੱਚਾ ਹੁੰਦਾ ਹੈ। ਜੋ ਆਪਣੇ ਬੱਚਿਆਂ ਦੀਆਂ ਗਲਤੀਆਂ ਦੀ ਸਜ਼ਾ ਕਿਸੇ ਹੋਰ ਨੂੰ ਉਸ ਦਾ ਘਰ ਉਜਾੜ ਕੇ ਦਿੰਦੇ ਹਨ।

ਸਾਡੇ ਭਾਰਤੀ ਸਮਾਜ ਵਿੱਚ ਆਏ ਦਿਨ ਕਈ ਹੋਰ ਇਹੋ ਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਜਿਨ੍ਹਾਂ ਨਾਲ ਆਪਣੇ ਵਸੇ ਵਸਾਏ ਘਰ ਦੀ ਚਾਰਦੀਵਾਰੀ ਦੇ ਰਿਸ਼ਤਿਆਂ ਉੱਤੇ ਵਿਸ਼ਵਾਸ ਵਿੱਚ ਭਾਰੀ ਕਮੀ ਆਈ ਹੈ। ਸਾਡੇ ਸਮਾਜਿਕ ਅਤੇ ਘਰੇਲੂ ਰਿਸ਼ਤਿਆਂ ਦੀਆਂ ਤੰਦਾਂ ਐਨੀਆਂ ਕਮਜ਼ੋਰ ਹੁੰਦੀਆਂ ਜਾ ਰਹੀਆਂ ਹਨ ਕਿ ਕੋਈ ਰਿਸ਼ਤਾ ਵੀ ਇੱਕ ਦੂਜੇ ਤੇ ਵਿਸ਼ਵਾਸ ਕਰਨ ਦੇ ਯੋਗ ਨਹੀਂ ਰਿਹਾ। ਅੱਜ ਲੋਕਾਂ ਦੇ ਦਿਮਾਗਾਂ ਤੇ ਸੋਸ਼ਲ ਮੀਡੀਆ ਐਨਾ ਕਾਬਜ਼ ਹੋ ਚੁੱਕਿਆ ਹੈ ਕਿ ਉੱਥੇ ਹੀ ਚੋਰੀ ਛਿਪੇ ਨਜਾਇਜ਼ ਰਿਸ਼ਤੇ ਜਨਮ ਲੈਂਦੇ ਹਨ। ਜਿਹੜੇ ਲੋਕ ਇਸ ਦਲਦਲ ਵਿੱਚ ਫਸ ਜਾਂਦੇ ਹਨ ਉਹ ਆਪਣੇ ਇਸ ਰਿਸ਼ਤੇ ਨੂੰ ਹਾਸਿਲ ਕਰਨ ਲਈ ਐਨੇ ਕਾਹਲੇ ਪੈ ਜਾਂਦੇ ਹਨ ਕਿ ਉਹਨਾਂ ਨੂੰ ਆਪਣਾ ਜੀਵਨ ਸਾਥੀ ਜਾਂ ਘਰ ਅੰਦਰਲਾ ਕੋਈ ਹੋਰ ਰਿਸ਼ਤਾ ਬੋਝ ਲੱਗਣ ਲੱਗਦਾ ਹੈ। ਫਿਰ ਉਹਨਾਂ ਵੱਲੋਂ ਆਪਣੇ ਨਵੇਂ ਬਣੇ ਰਿਸ਼ਤੇ ਨੂੰ ਪ੍ਰਵਾਨ ਚੜ੍ਹਾਉਣ ਲਈ ਵਿੱਚੋਂ ਹਟਾਉਣ ਲਈ ਆਪਣੇ ਪਰਿਵਾਰਕ ਰਿਸ਼ਤੇ ਨੂੰ ਦ.ਗਾ ਦੇ ਕੇ ਜਾਨੋ ਮਾਰ ਕੇ ਕੰਡਾ ਕੱਢ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਇੱਕ ਬੇਕਸੂਰ ਨੂੰ ਦੋ ਜਣਿਆਂ ਦੇ ਗ਼ਲਤ ਰਿਸ਼ਤੇ ਕਾਰਨ ਆਪਣੀ ਜਾਨ ਤੋਂ ਹੱਥ ਧੋਣਾ ਪੈਂਦਾ ਹੈ। ਕਿਤੇ ਪਤੀ ਵੱਲੋਂ ਪਤਨੀ ਨੂੰ,ਪਤਨੀ ਵੱਲੋਂ ਪਤੀ ਨੂੰ ਜਾਂ ਫਿਰ ਉਹਨਾਂ ਲੋਕਾਂ ਦੀ ਨੈਤਿਕਤਾ ਵਿੱਚ ਐਨਾ ਨਿਘਾਰ ਆ ਰਿਹਾ ਹੈ ਕਿ ਆਪਣੀ ਔਲਾਦ ਤੱਕ ਨੂੰ ਵੀ ਆਪਣੀ ਆਯਾਸ਼ੀ ਖ਼ਾਤਰ ਬਲੀ ਚਾੜ੍ਹ ਦਿੰਦੇ ਹਨ। ਇਹੋ ਜਿਹੇ ਲੋਕਾਂ ਲਈ ਤਾਂ ਇਹੀ ਸੁਝਾਅ ਹੈ ਕਿ ਜੇ ਤੁਹਾਡੀ ਜ਼ਿੰਦਗੀ ਵਿੱਚ ਕੋਈ ਹੋਰ ਵਿਅਕਤੀ ਆ ਗਿਆ ਹੈ ਤਾਂ ਤੁਸੀਂ ਤਲਾਕ ਲੈ ਕੇ ਆਪਣੇ ਜੀਵਨ ਸਾਥੀ ਜਾਂ ਸਾਥਣ ਤੋਂ ਦੂਰ ਹੋ ਕੇ ਨਵੀਂ ਜ਼ਿੰਦਗੀ ਵਸਾ ਸਕਦੇ ਹੋ। ਕਿਸੇ ਵਿਅਕਤੀ ਦੀ ਜਾਨ ਲੈ ਕੇ ਆਪਣੀ ਨਵੀਂ ਦੁਨੀਆਂ ਵਸਾਉਣ ਦਾ ਕਿਸੇ ਕੋਲ ਕੋਈ ਅਧਿਕਾਰ ਨਹੀਂ ਹੈ। ਨਿੱਤ ਦਿਹਾੜੇ ਸੋਸ਼ਲ ਮੀਡੀਆ ਦੁਆਰਾ ਜਾਂ ਹੋਰ ਕਈ ਤਰੀਕਿਆਂ ਕਾਰਨ ਉਪਜੇ ਨਜਾਇਜ਼ ਰਿਸ਼ਤੇ ਕੋਈ ਨਾ ਕੋਈ ਘਰ ਉਜਾੜ ਰਹੇ ਹਨ। ਉਹ ਲੋਕ ਭੁੱਲ ਜਾਂਦੇ ਹਨ ਕਿ ਕਿਸੇ ਨੂੰ ਉਜਾੜ ਕੇ ਖ਼ੁਦ ਵਸਿਆ ਨਹੀਂ ਜਾ ਸਕਦਾ ਕਿਉਂ ਕਿ ਕਾਨੂੰਨ ਦੇ ਹੱਥ ਬਹੁਤ ਲੰਬੇ ਹੁੰਦੇ ਹਨ,ਉਸ ਤੋਂ ਬਾਅਦ ਉਨ੍ਹਾਂ ਦਾ ਆਪਣਾ ਉਜਾੜਾ ਸ਼ੁਰੂ ਹੋ ਜਾਂਦਾ ਹੈ। ਅੱਜ ਲੋੜ ਹੈ ਆਪਣੇ ਸੰਸਕਾਰਾਂ ਵਿੱਚ ਰਹਿ ਕੇ ਚੱਲਣ ਦੀ, ਆਪਣੀ ਮਰਿਆਦਾ ਨੂੰ ਕਾਇਮ ਰੱਖ ਕੇ ਆਪਣੀ ਜ਼ਿੰਦਗੀ ਬਿਤਾਉਣ ਦੀ ਤਾਂ ਜੋ ਇਹੋ ਜਿਹੇ ਉਜਾੜਿਆਂ ਤੋਂ ਬਚਿਆ ਜਾ ਸਕੇ।







SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU** **SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments, For any Disease, at any Age Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician Since 1973 DHMS-Gold Medalist, BAMS, MDEH Ex-Prof, Principal & CMO Medical Colleges/Hospitals in India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਪੰਜਾਬ ਦੀ ਖੇਡ ਵਿਰਾਸਤ: ਸਾਨੂੰ ਮੁੜ ਪੁਰਾਣਾ ਮਾਣ ਹਾਸਲ ਕਰਨਾ ਪਵੇਗਾ

ਜਦੋਂ ਵੀ ਪੰਜਾਬ ਦਾ ਨਾਂ ਆਉਂਦਾ ਹੈ ਤਾਂ ਸਭ ਤੋਂ ਪਹਿਲਾਂ ਮਿਹਨਤ, ਹਿੰਮਤ ਅਤੇ ਖੇਡਾਂ ਦਾ ਜ਼ਿਕਰ ਹੁੰਦਾ ਹੈ। ਸਾਡੇ ਪਿੰਡਾਂ ਦੀ ਮਿੱਟੀ ਵਿੱਚ ਹੀ ਕੁਝ ਅਜਿਹਾ ਹੈ ਕਿ ਇੱਥੋਂ ਦੇ ਬੱਚੇ ਛੋਟੀ ਉਮਰ ਤੋਂ ਹੀ ਦੌੜਨਾ, ਖੇਡਣਾ ਅਤੇ ਮੁਕਾਬਲਾ ਕਰਨਾ ਸਿੱਖ ਜਾਂਦੇ ਹਨ। ਇੱਕ ਸਮਾਂ ਸੀ ਜਦੋਂ ਭਾਰਤੀ ਹਾਕੀ ਟੀਮ ਵਿੱਚ ਅੱਧੇ ਤੋਂ ਵੱਧ ਖਿਡਾਰੀ ਪੰਜਾਬ ਦੇ ਹੁੰਦੇ ਸਨ। ਕਬੱਡੀ ਦੀ ਗੱਲ ਕਰੀਏ ਤਾਂ ਪੰਜਾਬ ਦਾ ਨਾਂ ਦੁਨੀਆ ਭਰ ਵਿੱਚ ਲਿਆ ਜਾਂਦਾ ਹੈ। ਕੁਸ਼ਤੀ, ਅਥਲੈਟਿਕਸ, ਨਿਸ਼ਾਨੇਬਾਜ਼ੀ ਅਤੇ ਕ੍ਰਿਕਟ ਵਿੱਚ ਵੀ ਸਾਡੇ ਖਿਡਾਰੀਆਂ ਨੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ।ਪਰ ਅੱਜ ਜਦੋਂ ਅਸੀਂ ਪਿੱਛੇ ਮੁੜ ਕੇ ਦੇਖਦੇ ਹਾਂ ਤਾਂ ਮਨ ਵਿੱਚ ਇੱਕ ਸਵਾਲ ਜ਼ਰੂਰ ਆਉਂਦਾ ਹੈ ਕੀ ਪੰਜਾਬ ਪਹਿਲਾਂ ਵਾਂਗ ਖੇਡਾਂ ਵਿੱਚ ਅੱਗੇ ਹੈ? ਸੱਚ ਇਹ ਹੈ ਕਿ ਅੱਜ ਅਸੀਂ ਕਈ ਖੇਤਰਾਂ ਵਿੱਚ ਪਿੱਛੇ ਰਹਿ ਗਏ ਹਾਂ। ਹੋਰ ਸੂਬੇ ਤੇਜ਼ੀ ਨਾਲ ਅੱਗੇ ਵਧ ਰਹੇ ਹਨ, ਜਦਕਿ ਸਾਡੀਆਂ ਕਈ ਪ੍ਰਤਿਭਾਵਾਂ ਸਹੀ ਮੌਕਾ ਨਾ ਮਿਲਣ ਕਾਰਨ ਪਿੱਛੇ ਰਹਿ ਜਾਂਦੀਆਂ ਹਨ।

ਇਸ ਦਾ ਇੱਕ ਵੱਡਾ ਕਾਰਨ ਇਹ ਹੈ ਕਿ ਅੱਜ ਬੱਚਿਆਂ ਦੀ ਜ਼ਿੰਦਗੀ ਕਿਤਾਬਾਂ ਅਤੇ ਮੋਬਾਈਲ ਫ਼ੋਨਾਂ ਤੱਕ ਹੀ ਸੀਮਤ ਹੋ ਗਈ ਹੈ। ਪਹਿਲਾਂ ਸ਼ਾਮ ਨੂੰ ਹਰ ਪਿੰਡ ਦੇ ਮੈਦਾਨ ਵਿੱਚ ਰੌਣਕ ਹੁੰਦੀ ਸੀ। ਬੱਚੇ ਕਬੱਡੀ, ਫੁੱਟਬਾਲ, ਵਾਲੀਬਾਲ ਜਾਂ ਹਾਕੀ ਖੇਡਦੇ ਨਜ਼ਰ ਆਉਂਦੇ ਸਨ। ਹੁਣ ਉਹੀ ਮੈਦਾਨ ਕਈ ਥਾਵਾਂ ’ਤੇ ਸੁੰਨੇ ਪਏ ਹਨ। ਬੱਚਿਆਂ ਦੇ ਹੱਥਾਂ ਵਿੱਚ ਬੱਲੇ ਜਾਂ ਹਾਕੀ ਦੀ ਥਾਂ ਮੋਬਾਈਲ ਆ ਗਏ ਹਨ।

ਇੱਕ ਹੋਰ ਕਾਰਨ ਇਹ ਵੀ ਹੈ ਕਿ ਬਹੁਤ ਸਾਰੇ ਮਾਪੇ ਖੇਡਾਂ ਨੂੰ ਅਜੇ ਵੀ ਸਮੇਂ ਦੀ ਬਰਬਾਦੀ ਸਮਝਦੇ ਹਨ। ਉਹ ਚਾਹੁੰਦੇ ਹਨ ਕਿ ਬੱਚਾ ਸਿਰਫ਼ ਪੜ੍ਹਾਈ ਕਰੇ। ਪੜ੍ਹਾਈ ਜ਼ਰੂਰੀ ਹੈ, ਪਰ ਖੇਡਾਂ ਵੀ ਜ਼ਰੂਰੀ ਹਨ। ਖੇਡਾਂ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ, ਦਿਮਾਗ਼ ਤਾਜ਼ਾ ਰਹਿੰਦਾ ਹੈ ਅਤੇ ਬੱਚਿਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ ਅਤੇ ਟੀਮ ਨਾਲ ਕੰਮ ਕਰਨ ਦੀ ਆਦਤ ਪੈਦਾ ਹੁੰਦੀ ਹੈ।

ਪੰਜਾਬ ਵਿੱਚ ਖੇਡ ਮੈਦਾਨਾਂ ਅਤੇ ਚੰਗੇ ਕੋਚਾਂ ਦੀ ਵੀ ਘਾਟ ਹੈ। ਕਈ ਪਿੰਡਾਂ ਵਿੱਚ ਮੈਦਾਨ ਤਾਂ ਹਨ ਪਰ ਉਨ੍ਹਾਂ ਦੀ ਸਾਂਭ-ਸੰਭਾਲ ਨਹੀਂ ਹੁੰਦੀ। ਸਰਕਾਰੀ ਸਕੂਲਾਂ ਵਿੱਚ ਵੀ ਹਰ ਥਾਂ ਖੇਡਾਂ ਲਈ ਲੋੜੀਂਦੀਆਂ ਸਹੂਲਤਾਂ ਨਹੀਂ ਹਨ। ਜੇ ਕਿਸੇ ਬੱਚੇ ਵਿੱਚ ਕਾਬਲੀਅਤ ਹੈ ਤਾਂ ਉਸ ਨੂੰ ਅੱਗੇ ਲਿਜਾਣ ਲਈ ਚੰਗੀ ਕੋਚਿੰਗ ਅਤੇ ਆਰਥਿਕ ਮਦਦ ਦੀ ਲੋੜ ਹੁੰਦੀ ਹੈ, ਜੋ ਹਰ ਕਿਸੇ ਨੂੰ ਨਹੀਂ ਮਿਲਦੀ।

ਪੰਜਾਬ ਦੇ ਸਾਹਮਣੇ ਨਸ਼ਿਆਂ ਦੀ ਸਮੱਸਿਆ ਵੀ ਇੱਕ ਵੱਡੀ ਚੁਣੌਤੀ ਹੈ। ਜੇ ਨੌਜਵਾਨ ਖੇਡ ਮੈਦਾਨਾਂ ਨਾਲ ਜੁੜਣਗੇ ਤਾਂ ਉਹ ਨਸ਼ਿਆਂ ਤੋਂ ਵੀ ਦੂਰ ਰਹਿਣਗੇ। ਇੱਕ ਖਿਡਾਰੀ ਨੂੰ ਆਪਣੀ ਸਿਹਤ, ਖ਼ੁਰਾਕ ਅਤੇ ਅਨੁਸ਼ਾਸਨ ਦਾ ਧਿਆਨ ਰੱਖਣਾ ਪੈਂਦਾ ਹੈ। ਇਸ ਲਈ ਖੇਡਾਂ ਨੌਜਵਾਨਾਂ ਨੂੰ ਸਹੀ ਰਸਤਾ ਦਿਖਾਉਣ ਦਾ ਸਭ ਤੋਂ ਵਧੀਆ ਸਾਧਨ ਹਨ।

ਖ਼ੁਸ਼ੀ ਦੀ ਗੱਲ ਇਹ ਹੈ ਕਿ ਪੰਜਾਬ ਵਿੱਚ ਪ੍ਰਤਿਭਾ ਦੀ ਕੋਈ ਘਾਟ ਨਹੀਂ। ਅੱਜ ਵੀ ਪਿੰਡਾਂ ਦੇ ਬੱਚਿਆਂ ਵਿੱਚ ਉਹੀ ਜੋਸ਼ ਹੈ। ਲੋੜ ਸਿਰਫ਼ ਉਨ੍ਹਾਂ ਨੂੰ ਸਹੀ ਮੌਕੇ ਅਤੇ ਸਹੀ ਮਾਰਗਦਰਸ਼ਨ ਦੀ ਹੈ। ਜੇ ਹਰ ਸਕੂਲ ਵਿੱਚ ਰੋਜ਼ਾਨਾ ਖੇਡਾਂ ਨੂੰ ਮਹੱਤਵ ਦਿੱਤਾ ਜਾਵੇ, ਹਰ ਜ਼ਿਲ੍ਹੇ ਵਿੱਚ ਵਧੀਆ ਖੇਡ ਅਕਾਦਮੀਆਂ ਬਣਨ, ਪਿੰਡ ਪੱਧਰ ’ਤੇ ਟੂਰਨਾਮੈਂਟ ਕਰਵਾਏ ਜਾਣ ਅਤੇ ਹੋਣਹਾਰ ਖਿਡਾਰੀਆਂ ਨੂੰ ਹਰ ਸੰਭਵ ਮਦਦ ਮਿਲੇ ਤਾਂ ਪੰਜਾਬ ਇੱਕ ਵਾਰ ਫਿਰ ਖੇਡਾਂ ਵਿੱਚ ਆਪਣਾ ਪੁਰਾਣਾ ਮਾਣ ਹਾਸਲ ਕਰ ਸਕਦਾ ਹੈ।

ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਸਿਰਫ਼ ਡਾਕਟਰ, ਇੰਜੀਨੀਅਰ ਜਾਂ ਅਫ਼ਸਰ ਬਣਨ ਲਈ ਹੀ ਨਾ ਕਹੀਏ, ਸਗੋਂ ਉਨ੍ਹਾਂ ਨੂੰ ਇੱਕ ਚੰਗਾ ਖਿਡਾਰੀ ਬਣਨ ਲਈ ਵੀ ਉਤਸ਼ਾਹਿਤ ਕਰੀਏ। ਹੋ ਸਕਦਾ ਹੈ ਅੱਜ ਕਿਸੇ ਪਿੰਡ ਦੇ ਮੈਦਾਨ ਵਿੱਚ ਖੇਡ ਰਿਹਾ ਇੱਕ ਬੱਚਾ ਕੱਲ੍ਹ ਓਲੰਪਿਕ ਵਿੱਚ ਭਾਰਤ ਲਈ ਤਗਮਾ ਜਿੱਤ ਕੇ ਆਵੇ।ਪੰਜਾਬ ਦੀ ਖੇਡ ਵਿਰਾਸਤ ਸਾਡਾ ਮਾਣ ਹੈ। ਇਸ ਨੂੰ ਸਿਰਫ਼ ਯਾਦਾਂ ਤੱਕ ਸੀਮਤ ਰੱਖਣ ਦੀ ਬਜਾਏ ਸਾਨੂੰ ਇਸ ਨੂੰ ਦੁਬਾਰਾ ਜ਼ਿੰਦਾ ਕਰਨਾ ਪਵੇਗਾ। ਜਦੋਂ ਹਰ ਬੱਚਾ ਖੇਡ ਮੈਦਾਨ ਵੱਲ ਵਧੇਗਾ, ਉਦੋਂ ਹੀ ਪੰਜਾਬ ਫਿਰ ਦੇਸ਼ ਦਾ ਸਭ ਤੋਂ ਵੱਡਾ ਖੇਡਾਂ ਵਾਲਾ ਸੂਬਾ ਬਣ ਸਕੇਗਾ।



SANJHI SOCH
ਨਵਨੀਤ ਸਿੰਘ
9814509900








SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

**Drug and Alcohol Test**

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com





ਬਘੇਲ ਸਿੰਘ ਧਾਲੀਵਾਲ
99142-58142

# ਜੇ ਪੰਜਾਬੀਆਂ ਦੀ ਨਾਗਰਿਕਤਾ ਹੀ ਸ਼ੱਕ ਦੇ ਘੇਰੇ ਵਿੱਚ ਹੈ,ਤਾਂ ਫਿਰ ਉਹਨਾਂ ਦਾ ਦੇਸ਼ ਕਿਹੜਾ?

ਭਾਰਤ ਦਾ ਸੰਵਿਧਾਨ ਆਪਣੇ ਨਾਗਰਿਕਾਂ ਨੂੰ ਸਿਰਫ਼ ਵੋਟ ਪਾਉਣ ਦਾ ਅਧਿਕਾਰ ਨਹੀਂ ਦਿੰਦਾ, ਸਗੋਂ ਉਹਨਾਂ ਨੂੰ ਇੱਕ ਸਨਮਾਨਤ ਅਤੇ ਬਰਾਬਰ ਦੇ ਨਾਗਰਿਕ ਵਜੋਂ ਜਿਉਣ ਦਾ ਹੱਕ ਵੀ ਦਿੰਦਾ ਹੈ। ਪਰ ਜਦੋਂ ਦੇਸ਼ ਦੀ ਸਰਕਾਰ ਆਪਣੇ ਹੀ ਮੁਲਕ ਦੇ ਨਾਗਰਿਕਾਂ ਦੀ ਨਾਗਰਿਕਤਾ ਦੇ ਕਿਸੇ ਵੀ ਸਬੂਤ ਨੂੰ ਮੰਨਣ ਤੋ ਇਨਕਾਰੀ ਹੋ ਜਾਵੇ ,ਤਾਂ ਸੁਭਾਵਿਕ ਹੈ ਕਿ ਪੰਜਾਬ ਵਰਗੇ ਗੈਰਤੀ ਸੂਬੇ ਦੇ ਲੋਕਾਂ ਚ ਬੇਗਾਨਗੀ ਦਾ ਅਹਿਸਾਸ ਪੈਦਾ ਹੋਵੇਗਾ।ਅੱਜ ਦੇਸ਼ ਦੇ ਕਈ ਹਿੱਸਿਆਂ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਦੀਆਂ ਪ੍ਰਕਿਰਿਆਵਾਂ ਨੂੰ ਲੈ ਕੇ ਉੱਠ ਰਹੀਆਂ ਚਿੰਤਾਵਾਂ ਨੇ ਇਹ ਬਹਿਸ ਮੁੜ ਛੇੜ ਦਿੱਤੀ ਹੈ ਕਿ ਆਖ਼ਿਰ ਇੱਕ ਨਾਗਰਿਕ ਦੀ ਪਛਾਣ ਦਾ ਅੰਤਿਮ ਅਧਾਰ ਕੀ ਹੈ? ਕੀ ਉਹ ਵਿਅਕਤੀ, ਜਿਸ ਕੋਲ ਜਨਮ ਤੋਂ ਲੈ ਕੇ ਸਰਕਾਰੀ ਦਸਤਾਵੇਜ਼ਾਂ ਦੀ ਲੰਮੀ ਲੜੀ ਹੈ, ਜਿਸ ਨੇ ਦਹਾਕਿਆਂ ਤੱਕ ਵੋਟਾਂ ਪਾਈਆਂ ਹਨ, ਜਿਸ ਨੇ ਟੈਕਸ ਭਰੇ ਹਨ, ਜਿਸ ਦੇ ਬੱਚੇ ਸਰਕਾਰੀ ਰਿਕਾਰਡਾਂ ਵਿੱਚ ਦਰਜ ਹਨ, ਜਿਹੜੇ ਸਦੀਆਂ ਤੋ ਇੱਥੇ ਰਹਿ ਰਹੇ ਹਨ,ਉਹ ਵੀ ਕਿਸੇ ਦਿਨ ਇਹ ਸੁਣ ਸਕਦੇ ਹਨ,ਕਿ ਉਸ ਦੀ ਨਾਗਰਿਕਤਾ ਜਾਂ ਉਸ ਦੇ ਵੋਟ ਦੇ ਅਧਿਕਾਰ ਦੀ ਮੁੜ ਜਾਂਚ ਹੋਵੇਗੀ?ਇਹ ਸਵਾਲ ਕੋਈ ਕਲਪਨਾ ਨਹੀਂ। ਪਿਛਲੇ ਕੁਝ ਸਾਲਾਂ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਨਾਗਰਿਕਤਾ, ਵੋਟਰ ਸੂਚੀਆਂ ਅਤੇ ਪਛਾਣ ਸਬੰਧੀ ਹੋਈਆਂ ਬਹਿਸਾਂ ਨੇ ਆਮ ਲੋਕਾਂ ਦੇ ਮਨ ਵਿੱਚ ਅਨੇਕਾਂ ਸਵਾਲ ਖੜ੍ਹੇ ਕੀਤੇ ਹਨ।ਅਸਾਮ ਵਿੱਚ ਐਨ ਆਰ ਸੀ ਦੀ ਪ੍ਰਕਿਰਿਆ ਦੌਰਾਨ ਲੱਖਾਂ ਲੋਕਾਂ ਦੇ ਨਾਮਾਂ 'ਤੇ ਸਵਾਲ ਉੱਠੇ, ਪਰ ਇਸ ਨੇ ਪੂਰੇ ਦੇਸ਼ ਨੂੰ ਇੱਕ ਗੱਲ ਜ਼ਰੂਰ ਸਮਝਾ ਦਿੱਤੀ ਕਿ ਨਾਗਰਿਕਤਾ ਅਤੇ ਦਸਤਾਵੇਜ਼ਾਂ ਦਾ ਮੁੱਦਾ ਜਦੋ ਮਾੜੀ ਰਾਜਨੀਤਿਕ ਬਹਿਸ ਦਾ ਹਿੱਸਾ ਬਣ ਜਾਂਦਾ ਹੈ, ਤਾਂ ਆਮ ਨਾਗਰਿਕ ਸਭ ਤੋਂ ਵੱਧ ਅਸੁਰੱਖਿਅਤ ਮਹਿਸੂਸ ਕਰਦਾ ਹੈ।ਇਸੇ ਪ੍ਰਸੰਗ ਵਿੱਚ ਜਦੋਂ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਨੂੰ ਲੈ ਕੇ ਵੱਡੀ ਬਹਿਸ ਖੜ੍ਹੀ ਹੋਈ ਅਤੇ ਕਈ ਰਾਜਨੀਤਿਕ ਪਾਰਟੀਆਂ ਨੇ ਚਿੰਤਾ ਪ੍ਰਗਟ ਕੀਤੀ ਕਿ ਕਿਤੇ ਇਹ ਪ੍ਰਕਿਰਿਆ ਵੋਟ ਦੇ ਅਧਿਕਾਰਾਂ 'ਤੇ ਅਸਰ ਨਾ ਪਾ ਦੇਵੇ, ਤਾਂ ਦੇਸ਼ ਦੇ ਹੋਰ ਰਾਜਾਂ ਵਿੱਚ ਵੀ ਇਸ ਨੂੰ ਲੈ ਕੇ ਸਵਾਲ ਉੱਠਣ ਲੱਗੇ। ਲੋਕਾਂ ਦੇ ਮਨ ਵਿੱਚ ਇਹ ਖਦਸ਼ਾ ਪੈਦਾ ਹੋਇਆ ਕਿ ਕਿਤੇ ਭਵਿੱਖ ਵਿੱਚ ਅਜਿਹੀਆਂ ਪ੍ਰਕਿਰਿਆਵਾਂ ਦਾ ਦਾਇਰਾ ਹੋਰ ਵਧਾ ਕੇ ਉਹਨਾਂ ਲੋਕਾਂ ਤੱਕ ਨਾ ਪਹੁੰਚਾ ਦਿੱਤਾ ਜਾਵੇ, ਜੋ ਦਹਾਕਿਆਂ ਤੋਂ ਲੋਕਤੰਤਰਿਕ ਪ੍ਰਕਿਰਿਆ ਦਾ ਹਿੱਸਾ ਰਹੇ ਹਨ।

ਬਿਹਾਰ ਅਤੇ ਪੱਛਮੀ ਬੰਗਾਲ ਦੀਆਂ ਚੋਣਾਂ ਵਿੱਚ ਅਜਿਹਾ ਵਰਤਾਰਾ ਪਹਿਲਾਂ ਵਾਪਰ ਚੁੱਕਿਆ ਹੈ।ਪੰਜਾਬ ਵਿੱਚ ਇਹ ਚਿੰਤਾ ਇਸ ਲਈ ਹੋਰ ਵੀ ਸੰਵੇਦਨਸ਼ੀਲ ਬਣ ਜਾਂਦੀ ਹੈ, ਕਿਉਂਕਿ ਪੰਜਾਬ ਦਾ ਇਤਿਹਾਸ ਦੇਸ਼ ਦੇ ਬਾਕੀ ਸੂਬਿਆਂ ਤੋ ਵੱਖਰਾ ਹੈ। ਪੰਜਾਬ ਦਾ ਇਤਿਹਾਸ ਕੁਰਬਾਨੀਆਂ ਅਤੇ ਸਵੈ-ਸਨਮਾਨ ਦਾ ਇਤਿਹਾਸ ਹੈ। ਦੇਸ਼ ਆਜ਼ਾਦੀ ਲਈ ਸਭ ਤੋ ਵੱਧ ਪੰਜਾਬ ਦੇ ਪੁੱਤਰ ਫਾਂਸੀਆਂ ਦੇ ਚੜ੍ਹੇ ਹਨ।ਦੇਸ ਦੀਆਂ ਸਰਹੱਦਾਂ ਦੀ ਰੱਖਿਆ ਖਾਤਰ ਪੰਜਾਬ ਦੇ ਜਵਾਨ ਸਭ ਤੋਂ ਅੱਗੇ ਖੜ੍ਹੇ ਕੀਤੇ ਜਾਂਦੇ ਹਨ। ਹਰ ਰੋਜ ਤਿਰੰਗੇ ਚ ਲਿਪਟੀਆਂ ਲਾਸ਼ਾਂ ਪੰਜਾਬ ਵੱਲ ਹੀ ਸਭ ਤੋ ਵੱਧ ਆ ਰਹੀਆਂ ਹਨ।ਜਦੋਂ ਦੇਸ਼ ਭੁੱਖਮਰੀ ਦੇ ਸੰਕਟ ਵਿੱਚ ਸੀ, ਤਾਂ ਪੰਜਾਬ ਦੇ ਕਿਸਾਨਾਂ ਨੇ  ਹਰੀ ਕ੍ਰਾਂਤੀ ਰਾਹੀਂ ਦੇਸ਼ ਦਾ ਅੰਨ ਭੰਡਾਰ ਭਰਿਆ,ਜਦੋਕਿ ਉਸ ਹਰੀ   ਕ੍ਰਾਂਤੀ ਨੇ ਪੰਜਾਬ ਨੂੰ ਅਸਲੋਂ ਬਰਬਾਦ ਕਰਕੇ ਰੱਖ ਦਿੱਤਾ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਕੇਂਦਰ ਨੇ ਪੰਜਾਬ ਅਤੇ ਪੰਜਾਬੀਆਂ ਨੂੰ ਹਮੇਸਾ ਹੀ ਸ਼ੱਕ ਦੀ ਨਜ਼ਰ ਨਾਲ ਵੇਖਿਆ ਹੈ।1947 ਦੀ ਵੰਡ ਦੇ ਜ਼ਖ਼ਮਾਂ ਤੋਂ ਲੈ ਕੇ 1984 ਦੀ ਤ੍ਰਾਸਦੀ ਤੱਕ, ਪੰਜਾਬ ਨੇ ਕਈ ਅਜਿਹੇ ਦੌਰ ਵੇਖੇ ਹਨ ਜਦੋਂ ਉਸ ਦੇ ਜਜ਼ਬਾਤਾਂ ਦਾ ਰੱਜ ਕੇ ਘਾਣ ਕੀਤਾ ਗਿਆ।ਅੱਜ ਜੇ ਪੰਜਾਬ ਵਿੱਚ ਇਹ ਚਿੰਤਾ ਪੈਦਾ ਹੁੰਦੀ ਹੈ ਕਿ ਕਿਤੇ ਭਵਿੱਖ ਵਿੱਚ ਵੋਟਰ ਸੂਚੀਆਂ ਜਾਂ ਪਛਾਣ ਦੀਆਂ ਪ੍ਰਕਿਰਿਆਵਾਂ ਦੇ ਨਾਂ 'ਤੇ ਲੋਕਾਂ ਦੇ ਸੰਵਿਧਾਨਕ ਅਧਿਕਾਰਾਂ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਅਜਿਹੀ ਚਿੰਤਾ ਨੂੰ ਦੇਸ਼-ਵਿਰੋਧੀ ਕਹਿ ਕੇ ਖਾਰਜ ਨਹੀਂ ਕੀਤਾ ਜਾ ਸਕਦਾ।ਇਸ ਚਿੰਤਾ ਦਾ ਜਵਾਬ ਲੋਕਤੰਤਰਿਕ ਢੰਗ ਨਾਲ ਹੀ ਦਿੱਤਾ ਜਾਣਾ ਚਾਹੀਦਾ ਹੈ।

ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੇਸ਼ ਦੇ ਹਰ ਨਾਗਰਿਕ ਨੂੰ ਇਹ ਭਰੋਸਾ ਦੇਵੇ ਕਿ ਉਸ ਦੀ ਨਾਗਰਿਕਤਾ, ਉਸ ਦੀ ਵੋਟ ਅਤੇ ਉਸ ਦੀ ਸੰਵਿਧਾਨਕ ਪਛਾਣ ਕਿਸੇ ਵੀ ਰਾਜਨੀਤਿਕ ਲਾਲਸਾ ਦਾ ਸਾਧਨ ਨਹੀਂ ਬਣੇਗੀ। ਜੇ ਕਦੇ ਅਜਿਹਾ ਮਾਹੌਲ ਬਣਦਾ ਹੈ ਕਿ ਇੱਕ ਆਮ ਪੰਜਾਬੀ ਆਪਣੇ ਆਪ ਤੋਂ ਇਹ ਪੁੱਛਣ ਲੱਗ ਪਵੇ ਕਿ ਆਖ਼ਿਰ ਉਹ ਕਿਹੜੇ ਦੇਸ਼ ਦਾ ਨਾਗਰਿਕ ਹੈ, ਤਾਂ ਇਹ ਪੰਜਾਬ ਦੀ ਨਹੀਂ, ਸਗੋਂ ਭਾਰਤੀ ਲੋਕਤੰਤਰ ਦੀ ਅਸਫਲਤਾ ਹੋਵੇਗੀ।ਪੰਜਾਬ ਦੇ ਲੋਕਾਂ ਨੂੰ ਵੀ ਇਸ ਮੌਕੇ 'ਤੇ, ਜਾਗਰੂਕਤਾ ਅਤੇ ਸੰਵਿਧਾਨਕ ਸਮਝ ਨਾਲ ਅੱਗੇ ਵਧਣਾ ਹੋਵੇਗਾ। ਹਰ ਨਾਗਰਿਕ ਨੂੰ ਆਪਣੇ ਵੋਟ ਦੇ ਅਧਿਕਾਰ ਅਤੇ ਆਪਣੇ ਕਾਨੂੰਨੀ ਦਸਤਾਵੇਜ਼ਾਂ ਬਾਰੇ ਜਾਣਕਾਰੀ ਰੱਖਣੀ ਚਾਹੀਦੀ ਹੈ। ਜੇ ਕਿਸੇ ਵੀ ਪ੍ਰਕਿਰਿਆ ਵਿੱਚ ਗਲਤੀਆਂ ਜਾਂ ਬੇਇਨਸਾਫ਼ੀਆਂ ਹੁੰਦੀਆਂ ਹਨ, ਤਾਂ ਉਹਨਾਂ ਦਾ ਵਿਰੋਧ ਸੰਵਿਧਾਨਕ ਅਤੇ ਕਾਨੂੰਨੀ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ।ਪਰ ਇਸ ਸਭ ਦੇ ਦਰਮਿਆਨ ਇੱਕ ਸਵਾਲ ਅੱਜ ਵੀ ਖੜ੍ਹਾ ਹੈ, ਅਤੇ ਇਹ ਸਵਾਲ ਸਿਰਫ਼ ਪੰਜਾਬ ਦਾ ਨਹੀਂ, ਸਗੋਂ ਪੂਰੇ ਭਾਰਤ ਦੇ ਲੋਕਤੰਤਰ ਦਾ ਹੈ।ਜੇ ਕਰ ਪੰਜਾਬ ਵਰਗੇ ਸੂਬੇ,ਜਿਸ ਨੇ ਦੇਸ਼ ਲਈ ਆਪਣਾ ਖ਼ੂਨ, ਆਪਣੀ ਜਵਾਨੀ, ਆਪਣੀ ਮਿਹਨਤ ਅਤੇ ਆਪਣੀਆਂ ਨਸਲਾਂ ਕੁਰਬਾਨ ਕੀਤੀਆਂ ਹੋਣ,ਜੇਕਰ ਉਸ ਸੂਬੇ ਦੇ ਲੋਕਾਂ ਨੂੰ,ਜਿੰਨਾਂ ਨੇ ਇਸ ਮੁਲਕ ਦੀ ਇੱਜਤ ,ਮਾਲ ਲੁੱਟਣ ਆਉਂਦੇ ਇਰਾਨੀ,ਅਫਗਾਨੀ ਧਾੜਵੀਆਂ ਦੇ ਮੂੰਹ ਮੋੜੇ ਹੋਣ,ਉਹਨਾਂ ਨੂੰ ਹੀ ਕਿਸੇ ਦਿਨ ਇਹ ਅਹਿਸਾਸ ਕਰਵਾ ਦਿੱਤਾ ਜਾਵੇ ਕਿ ਉਹਨਾਂ ਦੀ ਇਸ ਦੇਸ ਵਿੱਚ ਕੋਈ ਪਛਾਣ ਅਤੇ ਨਾਗਰਿਕਤਾ ਹੀ ਨਹੀ ਹੈ ਜਾਂ ਸ਼ੱਕ ਦੇ ਘੇਰੇ ਵਿੱਚ ਹੈ,ਤਾਂ ਫਿਰ ਉਹ ਕਿਸ ਨੂੰ ਆਪਣਾ ਦੇਸ਼ ਕਹਿਣਗੇ ? ਇਹ ਬਹੁਤ ਵੱਡਾ ਅਤੇ ਚਿੰਤਾ ਦਾ ਸਵਾਲ ਹੈ।ਕਿਉਂਕਿ ਜਦੋਂ ਸਦੀਆਂ ਤੋ ਰਹਿ ਰਹੇ ਨਾਗਰਿਕਾਂ ਦਾ ਭਰੋਸ਼ਾ ਆਪਣੇ ਦੇਸ਼ 'ਤੋ ਉੱਠਣ ਲੱਗ ਪਵੇ,ਤਾਂ ਅਜਿਹੀਆਂ ਪ੍ਰਸਥਿੱਤੀਆਂ ਦੇਸ ਦੀ ਅਖੰਡਤਾ ਲਈ ਸੰਕਟ ਪੈਦਾ ਕਰ ਸਕਦੀਆਂ ਹਨ। ਇਸ ਲਈ ਚੰਗਾ ਹੋਵੇਗਾ,ਜੇਕਰ ਕੇਂਦਰ ਸਰਕਾਰ ਆਪਣੇ ਫੈਸਲੇ ਤੇ ਮੁੜ ਵਿਚਾਰ ਕਰਕੇ ਅਜਿਹੀ ਸਮੱਸਿਆ ਦਾ ਹੱਲ ਕਰ ਦਵੇ,ਤਾਂ ਕਿ ਲੋਕ ਮਨਾਂ ਵਿੱਚ ਪੈਦਾ ਹੋਈ ਅਸੰਤੁਸਟਾ ਦਾ ਭਾਵਨਾ ਦਾ ਨਿਵਾਰਣ ਹੋ ਸਕੇ।

Now Open New Banquet Hall in Sacramento
For more info: Contact Paul : (916)334-6000



WE HAVE THE CHEAPEST FARES TO INDIA

# LEGEND TRAVEL

arc
accredited agency
CST # 207524-40

Special Fares To India
From
West-coast (us) On
Air India Direct Flights



JATINDER SINGH




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US
(510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

## ਡਤਾਈਵਰ ਵੀ ਜਿੰਦਗੀ ਦੇ 2 ਸਭ ਤੋਂ ਵੱਡੇ ਦੁਸ਼ਮਣ ਕੌਣ?

## ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

INVOICE $

| ਕਾਗਜ਼ ਸੰਭਾਲੋ | ਇਨਵੌਇਸ ਬਣਾਓ | ਕਮਾਈ ਵਧਾਓ |
|---|---|---|
| ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ. | AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ. | ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ. |

## ਅੱਜ ਹੀ ਸ਼ੁਰੂ ਕਰੋ!

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

| ਟਾਈਮ ਬਚਾਓ | ਗਲਤੀ ਘੱਟ | ਆਫਲਾਈਨ ਕੰਮ | ਸਭ ਕੁਝ ਇੱਕ ਜਗ੍ਹਾ |
|---|---|---|---|
| ਕਾਗਜ਼ੀ ਕੰਮ ਘੱਟ, ਡਰਾਈਵ ਵੱਧ. | ਆਟੋਮੈਟਿਕ ਫਿਲ ਤੇ ਸਹੀ ਇਨਵੌਇਸ. | ਇੰਟਰਨੈੱਟ ਬਿਨਾਂ ਵੀ ਸਭ ਕੁਝ ਚੱਲਦਾ. | ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ. |

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841
+1-917-915-4142
FREMONT, CA
3155 KEARNEY ST, SUITE #248, FREMONT, CA 94538
+1-510-657-6444
NEW YORK, NY
108-14 JAMAICA AVENUE, RICHMOND HILL, NY 11418
+1-718-533-8444
FRESNO, CA
1625 E SHAW AVE #122, FRESNO, CA 93711
+1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820
+1-732-453-6699
LOS ANGELES, CA
1013 N BEGONIA AVE, ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# ਮੈਂ ਪੰਜਾਬੀ ਬੋਲੀ

ਮੈਂ ਹਾਂ ਗੁਰੂਆਂ ਦੀ ਪਾਕ ਅਤੇ ਪਵਿੱਤਰ ਬੋਲੀ
ਅੱਖਰਾਂ ਤੇ ਮਾਤਰਾਵਾਂ ਨਾਲ ਮੇਰੀ ਭਰੀ ਝੋਲੀ।
ਦੇਸ਼ਾਂ ਵਿਦੇਸ਼ਾਂ ਵਿੱਚ ਬੋਲੀ ਮੇਰੀ ਦੇ ਝੂਲਣ ਨਿਸ਼ਾਨ
ਸੰਸਾਰੀ ਬੋਲੀਆਂ ਅਣਗਿਣਤ ਮੇਰੀ ਵਿਲੱਖਣ ਪਹਿਚਾਣ॥
ਅੱਖਰਾਂ ਸੰਗ ਹੀ ਸੋਹਦੇ ਹਨ ਬੋਲੀ ਦੇ ਜਜ਼ਬਾਤ
ਬੋਲੀ ਸੰਗ ਗੁਲਜ਼ਾਰ ਬਿਨੁ ਬੋਲੀ ਸਾਹਿਤ ਕਾਲੀ ਰਾਤ।
ਅਕਲਾਂ ਵਾਲਿਓ! ਕਲਮਾਂ ਵਾਲਿਓ! ਸੁਣੋ ਮੇਰੀ ਪੁਕਾਰ
ਮੇਰਾ ਅਮੀਰ ਵਿਰਸਾ ਨਾ ਭੁੱਲ ਜਾਇਓ, ਕਰੋ ਸਤਿਕਾਰ॥
ਗੁਰੂ ਸਾਹਿਬ ਨੇ ਮੈਨੂੰ ਆਪਣੇ ਹੱਥੀ ਮੁੱਢੋਂ ਰੁਸ਼ਨਾਇਆ
ਪੀਰਾਂ ਪੈਗੰਬਰਾਂ ਤੇ ਸੰਤਾਂ ਰੱਚ ਬਾਣੀ ਗਲ ਲਾਇਆ।
ਪੈਂਤੀ ਅੱਖਰਾਂ ਸੰਗ ਸੋਹੰਦਾ ਮੇਰੀ ਵਰਨਮਾਲਾ ਦਾ ਪਰਿਵਾਰ
ਅੱਖਰਾਂ ਰਲ ਜੋੜੇ ਮੁਕਤਾ ਅੱਖਰ ਮਾਤਰਾਵਾਂ ਉਪਜੇ ਸ਼ਬਦੀਂ ਭੰਡਾਰ।
ਮੁਕਤੇ,ਕੰਨੇ, ਸਿਹਾਰੀਆਂ ਅਤੇ ਬਿਹਾਰੀਆਂ
ਅੱਖਰਾਂ ਸੰਗ ਫੱਬਣ ਮੇਰੀਆਂ ਸ਼ਬਦ ਕਿਆਰੀਆਂ।
ਔਂਕੜ ਸਮੇਤ ਦੁਲੈਂਕੜ ,ਲਾਵਾਂ ਅਤੇ ਦੁਲਾਵਾਂ
ਸ਼ਬਦੀ ਬਣਤਰ ਵਿੱਚ ਕਿਸ ਕਿਸ ਦਾ ਯੋਗਦਾਨ ਭੁਲਾਵਾਂ।
ਹੋੜੇ ਦੇ ਨਾਲ ਕਨੌੜੇ ਸਮੇਤ ਅੱਧਕ ਅਤੇ ਟਿੱਪੀਆਂ
ਸਾਹਿਤਿਕ ਫੁਲਕਾਰੀ ਦੀਆਂ ਸਭ ਨੇ ਅਨਮੋਲ ਸਿੱਪੀਆਂ॥
ਬੋਲ ਨੂੰ ਲਿਖਤ ਵਿੱਚ ਢਾਲਣ ਲਈ ਵਰਤੇ ਜਾਂਦੇ ਚਿੰਨ੍ਹ
ਕਹਿੰਦੇ ਇਹਨੂੰ ਲਿਪੀ ਤੇ ਹਰ ਭਾਸ਼ਾ ਦੇ ਹੁੰਦੇ ਭਿੰਨ।
ਲਿਪੀ ਹੀ ਹੁੰਦੀ ਹੈ ਹਰ ਬੋਲੀ ਦਾ ਹਾਰ-ਸ਼ਿੰਗਾਰ
ਲਿਪੀ ਬਖਸ਼ੇ ਪਿਆਰ ਤੇ ਮਨੁੱਖੀ ਭਾਵਾਂ ਨੂੰ ਦਿੰਦੀ ਨਿਖਾਰ॥
ਸ਼ਾਰਦਾ ਤੇ ਟਾਕਰੀ ਲਿਪੀ ਹਨ ਮੇਰੇ ਪੁਰਖੇ ਲਾਣੇ
ਪੁਰਾਤਨ ਇਤਿਹਾਸ ਚ ਦਰਜ ਲੰਡੇ ਆਖ ਵਰਤਦੇ ਸੀ ਸਿਆਣੇ।
ਗੁਰੂ ਨਾਨਕ ਸਾਹਿਬ ਨੇ ਪੱਟੀ ਬਾਣੀ ਵਿੱਚ ਅੱਖਰ ਉਚਾਰੇ
ਗੁਰੂ ਅੰਗਦ ਦੇਵ ਜੀ ਨੇ ਮੇਰੇ ਅੱਖਰ ਸਭ ਸਵਾਰੇ॥
ਸਵਰ ਤੇ ਵਿਅੰਜਨਾਂ ਵਿੱਚ ਵੰਡਿਆ ਅੱਖਰੀ ਪਰਿਵਾਰ
ਵਿਗਿਆਨਿਕ ਭਾਸ਼ਾ ਆਖ ਪੰਜਾਬੀ ਨੂੰ ਮਿਲਿਆ ਸਤਿਕਾਰ।
ਪੰਜਾਬ,ਪੰਜਾਬੀ ਤੇ ਪੰਜਾਬੀਅਤ ਲਈ ਸੁਰਿੰਦਰ ਜਾਨ ਵਾਰਦਾ
ਮਾਂ ਬੋਲੀ ਦੇ ਪੁੱਤ ,ਲੇਖੇ ਲਾਇਆ ਜੀਵਨ,ਵੇਖੋ ਮੁੱਲ ਤਾਰਦਾ॥



ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

# .ਗ਼ਜ਼ਲ

ਗੱਲ ਕਰਨੀ ਤੇ ਗੱਲ ਬਣਾਉਣੀ ਹਰ ਇਕ ਨੂੰ ਨਹੀਂ ਆਉਂਦੀ।
ਅੱਗ ਲਗਾ ਕੇ ਅੱਗ ਬੁਝਾਉਣੀ ਹਰ ਇਕ ਨੂੰ ਨਹੀਂ ਆਉਂਦੀ।
ਤੱਕਣੀਂ-ਤੱਕਣੀਂ ਦੇ ਵਿਚ ਯਾਰੋ ਫ਼ਰਕ ਬੜਾ ਹੈ ਹੁੰਦਾ,
ਅੱਖ ਵਿਚ ਪਾ ਕੇ ਅੱਖ ਚੁਰਾਉਣੀ ਹਰ ਇਕ ਨੂੰ ਨਹੀਂ ਆਉਂਦੀ।
ਅਪਣੀ ਡੋਰ ’ਚ ਦੂਜੀ ਡੋਰ ਫਸਾ ਕੇ ਖਿੱਚੀ ਲਾਉਣਾ,
ਗੁੱਡੀ ਅੰਬਰੀਂ ਚਾੜ੍ਹ ਰੁਲਾਉਣੀ ਹਰ ਇਕ ਨੂੰ ਨਹੀਂ ਆਉਂਦੀ।
ਸੋਹਣ-ਸੋਹਣੇ ਸਾਜ਼ਾਂ ਦੇ ਨਾਲ ਤਰਜ਼ ਬਣਾਉਣੀ ਸੌਖੀ,
ਗ਼ਜ਼ਲ ਸੁਰੀਲੇਪਨ ਵਿਚ ਗਾਉਣੀ ਹਰ ਇਕ ਨੂੰ ਨਹੀਂ ਆਉਂਦੀ।
ਕਾਣਾ ਮੀਂਹ ਹੀ ਯੁਗ-ਯੁਗ ਜੀਵੇ ਏਦਾਂ ਹੈ ਕਰ ਸਕਦਾ,
ਸੱਤਰੰਗੀ ਇਕ ਪੀਂਘ ਹੈ ਪਾਉਣੀ ਹਰ ਇਕ ਨੂੰ ਨਹੀਂ ਆਉਂਦੀ।
ਗ਼ਮ ਦੇ ਤਿੱਖੇ ਖੰਜਰ ਕੋਈ ਰਸਤਾ ਨਹੀਂ ਹਨ ਛਡਦੇ,
ਅਪਣੀ ਆਪੇ ਜਾਨ ਬਚਾਉਣੀ ਹਰ ਇਕ ਨੂੰ ਨਹੀਂ ਆਉਂਦੀ।
ਸਾਜ਼ ਵਜਾ ਕੇ ਤਾਲ ਮਿਲਾ ਕੇ ਹੂਕ ਦਿਲਾਂ ਨੂੰ ਛੂਹਣੇ,
ਮਹਿਫ਼ਿਲ ਦੇ ਵਿਚ ਬੋਲੀ ਪਾਉਣੀ ਹਰ ਇਕ ਨੂੰ ਨਹੀਂ ਆਉਂਦੀ।
ਸਿਦਕ ਸਰਬ ਸੰਤੋਖ ’ਚ ਦੁਖ ਨੂੰ ਸੀਨੇ ਨਾਲ ਲਗਾ ਕੇ,
ਅਪਣੀ ਅਰਥੀ ਆਪ ਉਠਾਉਂਣੀ ਹਰ ਇਕ ਨੂੰ ਨਹੀਂ ਆਉਂਦੀ।
ਪਾਪਾਂ ਦੀ ਪੰਡ ਚੁਕਣੀ ਪੈਂਦੀ ਲਾਹਨਤ ਮੱਥੇ ਲਿਖ ਕੇ,
ਦੂਜੇ ਘਰ ਨੂੰ ਅੱਗ ਲਗਾਉਣੀ ਹਰ ਇਕ ਨੂੰ ਨਹੀਂ ਆਉਂਦੀ।
ਅੰਬਰ ਘੁੰਮੇ ਧਰਤੀ ਘੁੰਮੇ ਘੁੰਮਣ ਪੰਜ ਦਰਿਆ,
ਉਂਗਲੀ ਦੇ ਨਾਲ ਗੁੱਤ ਘੁਮਾਉਣੀ ਹਰ ਇਕ ਨੂੰ ਨਹੀਂ ਆਉਂਦੀ।
ਪੱਟਾਂ ਦੇ ਵਿਚ ਜੁੰਬਸ ਹੋਵੇ ਬਾਹਾਂ ਦੇ ਵਿਚ ਬਿਜਲੀ,
ਸਾਵਣ ਦੇ ਵਿਚ ਪੀਂਘ ਚੜਾਉਣੀ ਹਰ ਇਕ ਨੂੰ ਨਹੀਂ ਆਉਂਦੀ।
ਸਿਰ ’ਤੇ ਚੁੰਨੀ ਅਮ੍ਰਿਤ ਵੇਲਾ ਅੱਖਾਂ ਵਿਚ ਹਰਿਮੰਦਿਰ,
ਸਤਿ ਸ੍ਰੀ ਅਕਾਲ ਬੁਲਾਉਣੀ ਹਰ ਇਕ ਨੂੰ ਨਹੀਂ ਆਉਂਦੀ।
ਜਾਉ ਉਸ ਨੂੰ ਮੋੜ ਲਿਆਉ ਆਪਾਂ ਸੱਚ ਹਾਂ ਕਹਿੰਦੇ,
ਬਾਲਮ ਵਾਗੂੰ ਬਜ਼ਮ ਸਜਾਉਣੀ ਹਰ ਇਕ ਨੂੰ ਨਹੀਂ ਆਉਂਦੀ।



ਬਲਵਿੰਦਰ ਬਾਲਮ
ਉਂਕਾਰ ਨਗਰ
ਗੁਰਦਾਸਪੁਰ (ਪੰਜਾਬ)
98156-25409

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

## ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



**Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ**

**Paul Sahota**

**ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ**
**ਤਜ਼ਰਬਾ ਘੱਟੋ-ਘੱਟ 1 ਸਾਲ**
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

**ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ**

**ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ**
**ਫੋਨ : (559) 653-8130, 774-243-4154**

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

---

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




**e-Baba Entertainment App ਨੂੰ Download ਕਰੋ।**

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ **eBaba** ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also **eBaba** Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




**ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।**

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


Gillson TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations (traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com





ਕਈ ਵੀਰਾਂ ਦੇ
LICENSE CANCEL
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ
ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ
Green Card ਨਹੀਂ ਹੈ | I-485 Application ਅਜੇ Pending ਹੈ।

Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner